Hansti Duniya (Punjabi)
Vol. 47 ✶No. 09 ✶September 2023

₹15/-

# ਹੰਸਤੀ ਦੁਨੀਆ



# ਹੰਸਤੀ ਦੁਨੀਆ

★ VOL - 47

ਅੰਕ - 09 ★ ਸਤੰਬਰ 2023 ★ Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher Raj Kumari, on behalf of Sant Nirankari Mandal, Delhi-110009, Printed at HT Media Limited, Plot No. 8, Udyog Vihar, Greater Noida- 201306 (U.P.) & published at Sant Nirankari Satsang Bhawan, Sant Nirankari Colony, Delhi-110009

Editor (Honorary)
Sulekh Singh 'Sathi'

E-mail : hduniya.punjabi@nirankari.org
editorial@nirankari.org
Ph. : 011-47660200
Fax : 011-27608215
Website : www.nirankari.org
kids.nirankari.org

04



18





21




22




46




## ਸਤੰਭ

ਸਭ ਤੋਂ ਪਹਿਲਾਂ 04
ਵਿਗਿਆਨ ਪ੍ਰਸ਼ਨੋਤਰੀ 12
ਹਾਸਾ-ਖੇਡਾ 18
ਸਾਧਾਰਣ ਗਿਆਨ ਪ੍ਰਸ਼ਨੋਤਰੀ 21
ਕੀ ਤੁਸੀਂ ਜਾਣਦੇ ਹੋ? 29
ਰੰਗ ਭਰੋ ਪ੍ਰਤੀਯੋਗਿਤਾ 39
ਕਦੇ ਨਾ ਭੁੱਲੋ 44
ਬੁੱਧੀ ਦੀ ਪਰਖ 50

## ਚਿੱਤਰਕਥਾਵਾਂ

ਕਿੱਟੀ 22
ਚਿਤੱਰਕਥਾ 46



## ਕਹਾਣੀਆਂ


06. ਦੇਸ਼ ਦਾ ਬੇਟਾ
– ਸ਼ਿਵਚਰਣ ਚੌਹਾਨ

14. ਫਰਫਰ ਪਤੰਗ ਦੀ ...
– ਘਣਸ਼ਾਮ ਦਾਸ ਖੱਤਰੀ

26. ਬੋਹੜ ਦੀ ਮੌਤ ...
– ਪ੍ਰਿਤਪਾਲ ਸਾਦਿਕ

31. ਕਾਂ ਦੀ ਸਮਝਦਾਰੀ
– ਪ੍ਰਭਜੋਤ ਕੌਰ

33. ਚਿੱਟੇ ਬੱਦਲ ਅਤੇ ...
– ਅਮਰਜੀਤ ਸਿੰਘ 'ਅਮਰ'

42. ਆਲਸੀ ਰਾਜਾ
– ਬਲਜਿੰਦਰ ਮਾਨ


## ਗੀਤ-ਕਵਿਤਾਵਾਂ


13. ਰਕਸ਼ਾ ਬੰਧਨ
– ਜਗਤਾਰ ਚਮਨ

20. ਸਦਾ ਸਤਿਕਾਰ ਕਰੀਏ
– ਦੀਪੀ 'ਬੱਲੂਆਣਾ'

28. ਬੁਲਬੁਲ
– ਮੀਨੂ ਸਿੰਘ

32. ਚਿੜੀ
– ਮਹਿੰਦਰ ਕੁਮਾਰ

41. ਨਦੀ ਦਾ ਸੰਦੇਸ਼
– ਹਰਜਿੰਦਰ ਪਾਇਲ


## ਵਿਸ਼ੇਸ਼ ਲੇਖ


05. ਸੁਲੇਖ ਸਾਥੀ'
– ਵਿਮਲੇਸ਼ ਆਹੂਜਾ

09. ਸਹਿਜ ਸਲੋਨਾ ਚੀਤਲ
– ਅਨੀਤਾ ਕਪੂਰ

10. ਦੁੱਧ ਕਿਉਂ ਫਟ ਜਾਂਦਾ ਹੈ?
– ਵਿਭਾ ਵਰਮਾ

11. ਕੈਕਟਸ ਵਿੱਚ ਫੁੱਲ
– ਈਲੂ ਰਾਣੀ

30. ਆਸਮਾਨ ਵਿੱਚ ਐਨੇ ਰੰਗ?
– ਅਰਚਨਾ

37. ਜ਼ਹਿਰੀਲੀ ਮੱਛੀ ਸਿਨੇਸੀਆ ਹਾਰਿਡਾ
– ਪਰਸ਼ੂਰਾਮ ਸ਼ੁਕਲ

45. ਡਾ. ਸਰਵਪੱਲੀ ਰਾਧਾਕ੍ਰਿਸ਼ਣਨ
– ਨਿਰਮਲ










# ਸਿੱਖਿਆ ਜਾਂ ਆਚਰਣ

ਅੱਜ ਕਲਾਸ ਵਿੱਚ ਸਿੱਖਿਆ ਦਿਵਸ ਮਨਾਇਆ ਜਾ ਰਿਹਾ ਸੀ। ਕਲਾਸ ਵਿੱਚ ਜਿਵੇਂ ਹੀ ਟੀਚਰ ਆਇਆ ਉਸ ਨੇ ਬੱਚਿਆਂ ਨੂੰ ਪੁੱਛਿਆ – 'ਗਿਆਨ ਉੱਤਮ ਹੈ ਜਾਂ ਸਾਡਾ ਆਚਰਣ। ਕਿਸੇ ਨੇ ਗਿਆਨ ਤੇ ਕਿਸੇ ਨੇ ਆਚਰਣ ਨੂੰ ਦੱਸਿਆ। ਟੀਚਰ ਨੇ ਕਿਹਾ ਅੱਜ ਮੈਂ ਤੁਹਾਨੂੰ ਇੱਕ ਕਹਾਣੀ ਸੁਣਾਉਂਦਾ ਹਾਂ।

ਅਧਿਆਪਕ ਜੀ ਨੇ ਕਹਿਣਾ ਸ਼ੁਰੂ ਕੀਤਾ – ਇੱਕ ਵਾਰ ਇੱਕ ਰਾਜਾ ਨੇ ਅਪਣੇ ਰਾਜਪੁਰੋਹਿਤ ਨੂੰ ਇਹੀ ਪ੍ਰਸ਼ਨ ਪੁਛਿਆ ਸੀ ਕਿ ਗਿਆਨ ਅਤੇ ਆਚਰਣ ਵਿੱਚ ਕੀ ਉੱਤਮ ਹੈ? ਰਾਜਪੁਰੋਹਿਤ ਨੇ ਕਿਹਾ– ਕੁਝ ਦਿਨ ਬਾਦ ਮੈਂ ਇਸ ਦਾ ਉੱਤਰ ਦੇ ਸਕਾਂਗਾ। ਉਸ ਦਿਨ ਦੇ ਬਾਦ ਰਾਜਪੁਰੋਹਿਤ ਰਾਜਾ ਦੇ ਖ਼ਜ਼ਾਨੇ ਵਿੱਚ ਜਾਂਦਾ ਅਤੇ ਇੱਕ ਥੈਲੀ ਸੋਨੇ ਦੇ ਸਿੱਕੇ ਲੈ ਕੇ ਚਲਾ ਜਾਂਦਾ। ਉਥੋਂ ਦਾ ਖ਼ਜ਼ਾਨਚੀ ਰਾਜਪੁਰੋਹਿਤ ਨੂੰ ਕੁਝ ਨਹੀਂ ਕਹਿ ਸਕਿਆ ਕਿਉਂਕਿ ਰਾਜਾ ਉਸ ਦਾ ਬਹੁਤ ਸਨਮਾਨ ਕਰਦਾ ਸੀ ਅਤੇ ਉਸ ਦੀ ਹਰ ਗੱਲ ਮੰਨਦਾ ਸੀ। ਇਹ ਸੋਨੇ ਦੇ ਸਿੱਕੇ ਲੈ ਜਾਣ ਦਾ ਸਿਲਸਿਲਾ ਕਈ ਦਿਨਾਂ ਤਕ ਚਲਦਾ ਰਿਹਾ। ਇੱਕ ਦਿਨ ਖ਼ਜ਼ਾਨਚੀ ਤੋਂ ਰਿਹਾ ਨਾ ਗਿਆ ਅਤੇ ਉਸ ਨੇ ਸਾਰੀ ਗੱਲ ਰਾਜਾ ਨੂੰ ਦੱਸ ਦਿੱਤੀ। ਅਗਲੇ ਦਿਨ ਜਿਵੇਂ ਹੀ ਰਾਜਪੁਰੋਹਿਤ ਦਰਬਾਰ ਵਿੱਚ ਆਇਆ ਤਾਂ ਰਾਜਾ ਨੇ ਉਸ ਦਾ ਸਨਮਾਨ ਨਹੀਂ ਕੀਤਾ ਬਲਕਿ ਗੁੱਸੇ ਭਰੀਆਂ ਨਜ਼ਰਾਂ ਨਾਲ, ਕ੍ਰੋਧ ਅਤੇ ਉਚੀ ਆਵਾਜ਼ ਵਿੱਚ ਰਾਜਪੁਰੋਹਿਤ ਤੋਂ ਪੁਛਿਆ– ਕੀ ਤੂੰ ਸਾਡੇ ਖ਼ਜ਼ਾਨੇ ਚੋਂ ਸੋਨੇ ਦੇ ਸਿੱਕੇ ਲਏ ਹਨ?

ਇਸ ਦਾ ਰਾਜਪੁਰੋਹਿਤ ਨੇ ਹਾਂ ਵਿੱਚ ਜਵਾਬ ਦਿੱਤਾ। ਰਾਜਾ ਨੇ ਇਹ ਸੁਣ ਕੇ ਬਹੁਤ ਭਲਾ-ਬੁਰਾ ਕਿਹਾ, ਤੁਹਾਨੂੰ ਕਿਸੇ ਚੀਜ਼ ਦੀ ਕਮੀ ਨਹੀਂ ਹੈ ਫਿਰ ਵੀ ਇਸ ਤਰ੍ਹਾਂ ਦਾ ਆਚਰਣ ਕਿਓਂ? ਆਪ ਨੂੰ ਅਪਣੀ ਇਜ਼ੱਤ ਅਤੇ ਸ਼ਿਸ਼ਟਾਚਾਰ ਦੀ ਵੀ ਚਿੰਤਾ ਨਹੀਂ ਰਹੀ। ਇਸ ਤੇ ਰਾਜਪਰੋਹਿਤ ਨੇ ਕਿਹਾ – ਇਹੀ ਆਪ ਦੇ ਪ੍ਰਸ਼ਨ ਦਾ ਉੱਤਰ ਹੈ, ਮਹਾਰਾਜ। ਆਪਨੇ ਹੀ ਪੁੱਛਿਆ ਸੀ ਕਿ ਗਿਆਨ ਅਤੇ ਆਚਰਣ ਵਿੱਚ ਕੀ ਉੱਤਮ ਹੈ?

ਪਿਆਰੇ ਬੱਚਿਉਂ! ਰਾਜਪੁਰੋਹਿਤ ਨੂੰ ਸੋਨੇ ਦੇ ਸਿੱਕੇ ਚੁੱਕਣ ਤੋਂ ਪਹਿਲਾਂ ਵੀ ਗਿਆਨ ਤਾਂ ਸੀ ਅਤੇ ਉਸ ਨੂੰ ਚੁੱਕਣ ਦੇ ਬਾਦ ਵੀ ਗਿਆਨ ਹੈ। ਲੇਕਿਨ ਗਿਆਨ ਨੂੰ ਸਿਰਫ ਗਿਆਨ ਤਕ ਹੀ ਸੀਮਿਤ ਰੱਖਣਾ ਵੀ ਤਾਂ ਕੋਈ ਸਾਰਥਕ ਗੱਲ ਨਹੀਂ ਜਦ ਤਕ ਉਹ ਸਾਡੇ ਵਿਵਹਾਰ ਦਾ ਹਿੱਸਾ ਨਾ ਬਣ ਜਾਏ। ਇਸ ਤਰ੍ਹਾਂ ਜੇ ਸਾਨੂੰ ਪਤਾ ਹੈ ਕਿ ਕਿਸੇ ਦੀ ਵਸਤੂ ਨੂੰ ਬਿਨਾਂ ਆਗਿਆ ਦੇ ਲੈਣਾ ਗਲਤ ਹੈ। ਫਿਰ ਵੀ ਲੈ ਲੈਂਦੇ ਹਾਂ ਤਾਂ ਇਸ ਵਿੱਚ ਸਾਡੀ ਹੀ ਗਲਤੀ ਮੰਨੀ ਜਾਏਗੀ। ਕਈ ਵਾਰ ਸਾਡਾ ਆਚਰਣ ਸਿਰਫ ਮੁਖੌਟਾ ਹੀ ਹੁੰਦਾ ਹੈ ਸਾਹਮਣੇ ਕੁਝ ਹੋਰ, ਬਾਦ ਵਿੱਚ ਕੁਝ ਹੋਰ ਲੇਕਿਨ ਜਦ ਸਾਡੇ ਨਾਲ ਉਸ ਤਰ੍ਹਾਂ ਦਾ ਵਿਵਹਾਰ ਕੀਤਾ ਜਾਂਦਾ ਹੈ ਤਾਂ ਅਸੀਂ ਉਸ ਨੂੰ ਗਲਤ ਕਹਿਦੇ ਹਾਂ।

ਬੱਚਿਉਂ, ਹਰ ਵਿਅਕਤੀ ਚਾਹੁੰਦਾ ਹੈ ਕਿ ਉਸ ਦਾ ਸਮਾਜ ਵਿੱਚ, ਆਂਢ-ਗੁਆਢ ਵਿੱਚ ਸਨਮਾਨ ਹੋਵੇ, ਇੱਜਤ ਹੋਵੇ, ਮਰਯਾਦਾ ਵਿੱਚ ਗੱਲ ਹੋਵੇ, ਉਸ ਦੀ ਇਜ਼ੱਤ ਬਣੀ ਰਹੇ ਇਸ ਲਈ ਅਸੀਂ ਵੀ ਅਪਣੇ ਚੰਗੇ ਆਚਰਣ ਨਾਲ ਹੀ ਸਾਰਿਆਂ ਨੂੰ ਸਿੱਖਿਆ ਦੇਣੀ ਹੈ। ਤਾਂ ਹੀ ਸਾਡਾ ਗਿਆਨ ਵਿਵਹਾਰਿਕ ਰੂਪ ਵਿੱਚ ਕਿਸੇ ਦੇ ਜੀਵਨ ਵਿੱਚ ਖ਼ੁਸ਼ਬੂ ਫੈਲਾ ਸਕੇਗਾ। ਅਸੀਂ ਸਨਮਾਨ, ਇੱਜ਼ਤ ਦੀ ਕਿਸੇ ਤੋਂ ਮੰਗ ਨਹੀਂ ਕਰ ਸਕਦੇ। ਲੇਕਿਨ ਅਪਣੇ ਵਿਵਹਾਰ ਨਾਲ ਇਨ੍ਹਾਂ ਨੂੰ ਪ੍ਰਾਪਤ ਕਰ ਸਕਦੇ ਹਾਂ। ਇਹ ਸਾਡੀ ਸਿੱਖਿਆ, ਗਿਆਨ, ਧਨ ਆਦਿ ਤੋਂ ਵੀ ਇੱਕ ਕਦਮ ਉਪਰ ਹੁੰਦੀ ਹੈ। ਇਸ ਲਈ ਅਸੀਂ ਇਕ ਨਿਮਰ, ਮਿੱਠਬੋਲੜੇ, ਚੰਗੇ ਨਾਗਰਿਕ ਬਣਨਾ ਹੈ ਅਤੇ ਅਪਣੀਆਂ-ਅਪਣੀਆਂ ਜ਼ਿੰਮੇਦਾਰੀਆਂ ਨੂੰ ਸਮਝੀਏ, ਅਪਣੀ ਪੜਾਈ ਯੋਗਤਾ ਦੇ ਗਿਆਨ ਨਾਲ ਅਪਣੇ ਵਿਵਹਾਰ ਨੂੰ ਬਦਲੀਏ ਕਿਉਂਕਿ ਗਿਆਨ ਇੱਕ ਸ਼ਕਤੀ ਹੈ ਅਤੇ ਆਚਰਣ ਉਸ ਦਾ ਪ੍ਰਗਟਾਵਾ।

✍ – **ਸੰਪਾਦਕ**

# ਸਭ ਦੇ ਸਾਥੀ 'ਸੁਲੇਖ ਸਾਥੀ'



– ਵਿਮਲੇਸ਼ ਆਹੂਜਾ

ਹੰਸਤੀ ਦੁਨੀਆ ਪੰਜਾਬੀ ਦੇ ਸੰਪਾਦਕ ਸ਼੍ਰੀ ਸੁਲੇਖ ਸਾਥੀ ਜੀ ਬਹੁ-ਪ੍ਰਤਿਭਾਸ਼ਾਲੀ ਵਿਅਕਤੀਤਵ ਦੇ ਸਵਾਮੀ, ਲੇਖਕ, ਕਵੀ, ਵਿਚਾਰਕ, ਪੱਤਰਕਾਰ, ਵਿਸ਼ਲੇਸ਼ਕ ਅਤੇ ਕੁਸ਼ਲ ਸੰਪਾਦਕ ਰਹੇ। ਆਪਨੇ ਅਨੇਕਾਂ ਪੁਸਤਕਾਂ, ਚਾਹੇ ਉਹ ਹਿੰਦੀ ਦੀਆਂ ਹੋਣ ਜਾਂ ਪੰਜਾਬੀ ਦੀਆਂ, ਦਾ ਕੁਸ਼ਲ ਸੰਪਾਦਨ ਵੀ ਕੀਤਾ। ਆਪ ਹੰਸਤੀ ਦੁਨੀਆ ਦੇ ਨਾਲ-ਨਾਲ ਸੰਤ ਨਿਰੰਕਾਰੀ ਮਿਸ਼ਨ ਦੀ ਪੰਜਾਬੀ ਪਤ੍ਰਕਾ 'ਸੰਤ ਨਿਰੰਕਾਰੀ' ਅਤੇ 'ਏਕ ਨਜ਼ਰ' ਪੰਦਰਵਾੜਾ ਅਖ਼ਬਾਰ ਦੇ ਵੀ ਸੰਪਾਦਕ ਦਾ ਕੰਮ ਕਰਦੇ ਰਹੇ।

ਸੁਲੇਖ ਸਾਥੀ ਜੀ ਸੰਨ 1977 ਤੋਂ, ਜਦ ਹੰਸਤੀ ਦੁਨੀਆ ਪੰਜਾਬੀ ਦਾ ਆਰੰਭ ਹੋਇਆ, ਉਸ ਸਮੇਂ ਤੋਂ ਹੀ ਸੰਪਾਦਕ-ਮੰਡਲ ਨਾਲ ਜੁੜੇ ਰਹੇ। ਲਗਭਗ 46 ਸਾਲਾਂ ਦੀ ਪੱਤਰਕਾਰਿਤਾ ਦਾ ਤਜ਼ਰਬਾ ਆਪ ਦੇ ਕੋਲ ਸੀ। ਉਸ ਤਜ਼ਰਬੇ ਨੂੰ ਆਪ ਬੱਚਿਆਂ ਦੀ ਭਾਸ਼ਾ ਵਿੱਚ ਬੱਚਿਆਂ ਨੂੰ ਹੰਸਤੀ ਦੁਨੀਆ ਵਿੱਚ ਵਿਸ਼ੇਸ਼ ਲੇਖ 'ਸਭ ਤੋਂ ਪਹਿਲਾਂ' ਦੇ ਮਾਧਿਅਮ ਰਾਹੀਂ ਲਗਾਤਾਰ ਦੇ ਦੇ ਰਹੇ। ਉਸ ਵਿੱਚ ਬੱਚਿਆਂ ਨੂੰ ਕਿਹੋ ਜਿਹੇ ਆਦਰਸ਼ ਅਪਨਾਉਣੇ ਚਾਹੀਦੇ ਹਨ, ਕਿਹੋ ਜਿਹਾ ਵਿਵਹਾਰ ਕਰਨਾ ਚਾਹੀਦਾ ਹੈ ਅਤੇ ਕਿਵੇਂ ਇੱਕ ਚੰਗਾ ਇਨਸਾਨ ਬਣਨਾ ਚਾਹੀਦਾ ਹੈ, ਇਹ ਪ੍ਰੇਰਣਾ ਉਹ ਲਗਾਤਾਰ ਦੇਂਦੇ ਰਹੇ। ਇੱਕ ਚੰਗਾ ਇਨਸਾਨ ਹੀ ਇੱਕ ਚੰਗਾ ਨਾਗਰਿਕ ਅਤੇ ਚੰਗਾ ਦੇਸ਼-ਭਗਤ ਬਣ ਸਕਦਾ ਹੈ। ਇਸ ਤਰ੍ਹਾਂ ਆਪਦੇ ਲੇਖ ਦੇਸ਼-ਭਗਤੀ ਦੀ ਪ੍ਰੇਰਣਾ ਨਾਲ ਪਰਿਪੂਰਣ ਵੀ ਹੁੰਦੇ ਸੀ।

ਆਪ ਨੇ 'ਹੰਸਤੀ ਦੁਨੀਆ', 'ਸੰਤ ਨਿਰੰਕਾਰੀ' ਅਤੇ 'ਏਕ ਨਜ਼ਰ' (ਪੰਜਾਬੀ) ਅਤੇ ਪੰਜਾਬੀ ਪੁਸਤਕਾਂ ਦੇ ਸੰਪਾਦਨ ਦਾ ਸੰਪੂਰਣ ਕੰਮ ਕੁਸ਼ਲਤਾਪੂਰਵਕ ਨਿਭਾਇਆ। ਇਨ੍ਹਾਂ ਅਨੇਕਾਂ ਜ਼ਿੰਮੇਦਾਰੀਆਂ ਦੇ ਨਾਲ-ਨਾਲ ਕਈ ਸਿੱਖਿਆ ਸੰਸਥਾਨਾਂ ਵਿੱਚ ਪ੍ਰਮੁੱਖ ਪ੍ਰਸ਼ਾਸਨਿਕ ਅਧਿਕਾਰੀ ਰਹੇ। ਆਪ ਪ੍ਰਚਾਰਕ ਅਤੇ ਕਵੀ ਦੇ ਨਾਲ-ਨਾਲ ਪਰਿਵਾਰ ਦੀ ਭੂਮਿਕਾ ਵਿੱਚ ਵੀ ਐਕਟਿਵ ਰਹੇ। ਆਪ ਸਾਰਿਆਂ ਦੇ ਮਿੱਤਰ ਸੀ। ਬੱਚਿਆਂ ਦੇ ਵੀ ਅਤੇ ਵੱਡਿਆਂ ਦੇ ਵੀ। ਜਦ ਵੀ ਕਦੇ ਮੇਰੇ ਨਾਲ ਬੈਠਦੇ ਤਾਂ ਗੱਲ ਜੋ ਵੀ ਹੋਵੇ ਅਪਣੀ ਬੇਬਾਕ ਰਾਏ ਬਿਨਾ ਕਿਸੇ ਪਹਿਲਾਂ ਜਾਣਕਾਰੀ ਜਾਂ ਪੱਖਪਾਤ ਦੇ ਰੂਪ ਨਾਲ ਰੱਖਦੇ ਸੀ। ਆਪ ਦੇ ਨਾਲ ਆਣਾ-ਜਾਣਾ ਲੱਗਾ ਰਹਿੰਦਾ ਸੀ। ਇੱਕ ਵਾਰ ਮੈਂ ਆਪ ਤੋਂ ਚਲਦੇ-ਚਲਦੇ ਕਹਿ ਦਿੱਤਾ, 'ਸਾਥੀ ਹਾਥ ਬੜਾਨਾ ਸਾਥੀ ਰੇ, ਏਕ ਅਕੇਲਾ ਥਕ ਜਾਏਗਾ ਮਿਲ ਕਰ ਬੋਝ ਉਠਾਨਾ।' ਅਜੇ ਮੈਂ ਹੋਰ ਕੁਝ ਬੋਲ ਪਾਂਦਾ ਉਹ ਮੈਨੂੰ ਕਹਿਣ ਲੱਗੇ ਕਿ ਇਹ ਵੀ ਹੈ, 'ਸਾਥੀ ਰੇ ਤੇਰੇ ਬਿਨਾ ਵੀ ਕਿਆ ਜੀਨਾ' ਇਸ ਤਰ੍ਹਾਂ ਦਾ ਪ੍ਰਗਟਾਵਾ ਸਿਰਫ਼ ਸੱਚਾ ਸਾਥੀ ਹੀ ਕਰ ਸਕਦਾ ਹੈ। ਆਪ ਨੇ ਅੰਤ ਸਮੇਂ (8 ਜੁਲਾਈ, 2023) ਤਕ ਪਰਮਪਿਤਾ-ਪ੍ਰਮਾਤਮਾ ਨਾਲ ਜੁੜ ਕੇ ਜੀਵਨ ਜੀਆ ਅਤੇ ਇਸ ਜੀਵਨਲੀਲਾ ਨੂੰ ਜੀਅ ਕੇ ਸਾਰਿਆਂ ਨੂੰ ਕਰਮ ਭਾਵ ਨਾਲ ਜੀਣ ਦਾ ਸੰਦੇਸ਼ ਵੀ ਦਿੱਤਾ। ਆਪ ਪ੍ਰਭੂ ਰਜ਼ਾ ਵਿੱਚ ਜੀਵਨ ਨੂੰ ਮਹੱਤਤਾ ਦੇਂਦੇ ਸੀ ਅਤੇ ਆਪ ਨੇ ਲਿਖਿਆ ਵੀ –

**ਜੀਵਨ ਕਿਆ ਹੈ, ਪ੍ਰਭੂ ਦਯਾ ਹੈ,**
**ਮਰਣ ਕਿਆ ਹੈ, ਬਸ ਪ੍ਰਭੂ ਰਜਾ ਹੈ।**
**ਹਮ ਕੋ ਜਿਤਨਾ ਮਿਲਾ ਹੈ ਜੀਵਨ,**
**ਉਸ ਕੋ ਜੀਨਾ ਇੱਕ ਕਲਾ ਹੈ।**

ਆਪ ਦਾ ਅਨੁਭਵ, ਆਪ ਦੀ ਸਿੱਖਿਆ ਹਮੇਸ਼ਾ ਸਾਡਾ ਮਾਰਗਦਰਸ਼ਨ ਕਰਦੀ ਰਹੇਗੀ। ਸਾਰਾ – ਹੰਸਤੀ ਦੁਨੀਆ ਪਰਿਵਾਰ ਆਪ ਨੂੰ ਨਤਮਸਤਕ ਹੈ ਅਤੇ ਅਪਣੇ ਸ਼ਰਧਾ-ਸੁਮਨ ਅਰਪਿਤ ਕਰਦਾ ਹੈ। ▪

# ਦੇਸ਼ ਦਾ ਬੇਟਾ

– ਸ਼ਿਵਚਰਣ ਚੌਹਾਨ

ਮਹਾਰਾਜ ਕ੍ਰਿਸ਼ਣਦੇਵ ਰਾਏ, ਵਿਜੈਨਗਰ ਸਾਮਰਾਜ ਦੇ ਸਮਰਾਟ ਸਨ। ਉਹ ਵੀਰ ਅਤੇ ਨਿਆਂਪਿਆਰੇ ਸ਼ਾਸਕ ਸਨ। ਗਵਾਂਢੀ ਰਾਜ ਦੇ ਰਾਜਾ ਚੰਦਰਸ਼ੇਖਰ ਉਹਨਾਂ ਦੇ ਮਿੱਤਰ ਸਨ।

ਇੱਕ ਵਾਰ ਤੰਜੌਰ ਦੇ ਸ਼ਾਸਕ ਰਾਜਾ ਵੀਰਸ਼ੇਖਰ ਨੇ ਚੰਦਰਸ਼ੇਖਰ ਤੇ ਹਮਲਾ ਕਰ ਦਿੱਤਾ। ਵੀਰਸ਼ੇਖਰ, ਚੋਲਵੰਸ਼ ਦਾ ਸੀ ਅਤੇ ਚੋਲਵੰਸ਼ ਦੇ ਰਾਜਾ ਵਿਜੈਨਗਰ ਦੇ ਵਧਦੇ ਯਸ਼ ਦੇ ਕਾਰਣ ਕ੍ਰਿਸ਼ਣਦੇਵ ਰਾਏ ਦੇ ਦੁਸ਼ਮਣ ਬਣੇ ਹੋਏ ਸਨ। ਚੰਦਰਸ਼ੇਖਰ ਤੇ ਹਮਲੇ ਦੀ ਖਬਰ ਸੁਣ ਕੇ ਮਹਾਰਾਜ ਕ੍ਰਿਸ਼ਣਦੇਵ ਰਾਏ ਨੇ ਆਪਣੇ ਸੈਨਾਪਤੀ ਨਾਗਮਾਰਾਵ ਨਾਇਕ ਨੂੰ ਬੁਲਾਇਆ ਅਤੇ ਚੰਦਰਸ਼ੇਖਰ ਦੀ ਮਦਦ ਕਰਨ ਲਈ ਭੇਜਿਆ। ਨਾਗਮਾਰਾਵ ਨਾਇਕ ਨੇ ਵੀਰਸ਼ੇਖਰ ਦੀਆਂ ਸੈਨਾਵਾਂ ਨੂੰ ਖਦੇੜ ਦਿੱਤਾ ਪ੍ਰੰਤੂ ਉਸ ਦਾ ਮਨ ਚੰਦਰਸ਼ੇਖਰ ਦਾ ਰਾਜ ਵੇਖ ਕੇ ਵਿਗੜ ਗਿਆ। ਉਸ ਨੇ ਚੰਦਰਸ਼ੇਖਰ ਨੂੰ ਤਾਂ ਕੈਦਖਾਨੇ ਵਿੱਚ ਪਾ ਦਿੱਤਾ ਅਤੇ ਖੁਦ ਰਾਜਾ ਬਣ ਬੈਠਾ ਪ੍ਰੰਤੂ ਚੰਦਰਸ਼ੇਖਰ ਦਾ ਬੇਟਾ ਅਨੰਤਸ਼ੇਖਰ ਭੱਜ ਗਿਆ। ਉਸ ਨੇ ਮਹਾਰਾਜ ਕ੍ਰਿਸ਼ਣਦੇਵ ਰਾਏ ਦੇ ਦਰਬਾਰ ਵਿੱਚ ਹਾਜ਼ਿਰ ਹੋ ਕੇ ਨਾਗਮਾਰਾਵ ਨਾਇਕ ਦੀ ਕਰਤੂਤ ਬਿਆਨ ਕੀਤੀ। ਆਪਣੇ ਸੈਨਾਪਤੀ ਦੀ ਗੱਦਾਰੀ ਸੁਣ ਕੇ ਮਹਾਰਾਜ ਕ੍ਰਿਸ਼ਣਦੇਵ ਰਾਏ ਦਾ ਖ਼ੂਨ ਖੌਲ ਗਿਆ। ਉਹਨਾਂ ਨੇ ਰਾਜਭਰ ਵਿੱਚ ਮੁਨਾਦੀ ਕਰਵਾ ਦਿੱਤੀ ਕਿ ਜੋ ਵੀ ਵਿਅਕਤੀ ਨਾਗਮਾਰਾਵ ਨਾਇਕ ਨੂੰ ਜ਼ਿੰਦਾ ਜਾਂ ਮੁਰਦਾ ਫੜ ਕੇ ਲਿਆਏਗਾ ਉਸ ਨੂੰ ਇਨਾਮ ਦਿੱਤਾ ਜਾਏਗਾ।

ਮੁਨਾਦੀ ਕਰਾਈ ਨੂੰ ਇੱਕ ਹਫ਼ਤਾ ਲੰਘ ਗਿਆ ਪਰ ਕਿਸੇ ਨੇ ਮਹਾਰਾਜ ਦੇ ਸਾਹਮਣੇ ਆ ਕੇ ਬਾਗੀ ਸੈਨਾਪਤੀ ਨਾਗਮਾਰਾਵ ਨੂੰ ਗ੍ਰਿਫ਼ਤਾਰ ਕਰਨ ਦੀ ਚਣੌਤੀ ਸਵੀਕਾਰ ਨਹੀਂ ਕੀਤੀ। ਆਖਿਰ ਮਹਾਰਾਜ ਕ੍ਰਿਸ਼ਣਦੇਵ ਰਾਏ ਨੇ ਇੱਕ ਦਿਨ ਭਰੇ ਦਰਬਾਰ ਵਿੱਚ ਘੋਸ਼ਣਾ ਕੀਤੀ ਕਿ ਉਹ ਖੁਦ ਨਾਗਮਾਰਾਵ ਨੂੰ ਗ੍ਰਿਫ਼ਤਾਰ ਕਰਨ ਜਾਣਗੇ। ਤਦੇ ਇੱਕ ਨੌਜਵਾਨ ਦਰਬਾਰ ਵਿੱਚ ਆਇਆ ਉਸ ਨੇ ਕੜਕ ਕੇ ਕਿਹਾ – ਮਹਾਰਾਜ! ਮੈਂ ਜਾਊਂਗਾ ਸੈਨਾਪਤੀ ਨੂੰ ਗ੍ਰਿਫ਼ਤਾਰ ਕਰਨ ਅਤੇ ਜ਼ਿੰਦਾ ਜਾਂ ਮੁਰਦਾ ਜਿਸ ਰੂਪ ਵਿੱਚ ਸੰਭਵ ਹੋਇਆ, ਮੈਂ ਉਸ ਨੂੰ ਲੈ ਕੇ ਆਵਾਂਗਾ।

ਮਹਾਰਾਜ ਹੈਰਾਨ ਹੋ ਗਏ ਕਿਉਂਕਿ ਉਹ ਨੌਜਵਾਨ ਕੋਈ ਹੋਰ ਨਹੀਂ ਬਲਕਿ ਸੈਨਾਪਤੀ ਨਾਗਮਾਰਾਵ ਨਾਇਕ ਦਾ ਬੇਟਾ ਵਿਸ਼ਵਨਾਥ ਰਾਵ ਨਾਇਕ ਸੀ। ਮਹਾਰਾਜ ਬੋਲੇ – ਸੈਨਾਪਤੀ ਦੇ ਪੁੱਤਰ, ਸੋਚ ਲਉ, ਕਿ ਤੂੰ ਜੋ ਕਹਿ ਰਿਹਾ ਹੈ, ਕੀ ਉਹ ਕਰ ਸਕੇਗਾ?





ਕਿਉਂ ਨਹੀਂ ਮਹਾਰਾਜ! ਨੌਜਵਾਨ ਵਿਸ਼ਵਨਾਥ ਰਾਵ ਨਾਇਕ ਦ੍ਰਿੜਤਾ ਨਾਲ ਬੋਲਿਆ - ਮੈਂ ਸੈਨਾਪਤੀ ਨਾਗਮਾਰਾਵ ਦਾ ਬੇਟਾ ਹੋਣ ਤੋਂ ਪਹਿਲਾਂ ਇਸ ਦੇਸ਼ ਦਾ ਬੇਟਾ ਹਾਂ। ਮੈਂ ਇਸ ਦੇਸ਼ ਦੀ ਮਿੱਟੀ ਦਾ ਅੰਨ ਅਤੇ ਲੂਣ ਖਾਧਾ ਹੈ। ਇਸ ਲਈ ਮਾਤਰਭੂਮੀ ਲਈ ਆਪਣੇ ਆਪ ਨੂੰ ਕੁਰਬਾਨ ਕਰਨਾ ਵੀ ਜਾਣਦਾ ਹਾਂ।

ਮਹਾਰਾਜ ਕ੍ਰਿਸ਼ਣਦੇਵ ਰਾਏ ਮੰਨ ਗਏ। ਉਹਨਾਂ ਨੇ ਵਿਸ਼ਵਨਾਥ ਰਾਵ ਨੂੰ ਇੱਕ ਵੱਡੀ ਸੈਨਾ ਦੇ ਕੇ ਨਾਗਮਾਰਾਵ ਨੂੰ ਗ੍ਰਿਫਤਾਰ ਕਰਨ ਭੇਜਿਆ।

ਨਾਗਮਾਰਾਵ ਨਾਇਕ ਨੇ ਜਦ ਵੇਖਿਆ ਕਿ ਉਸ ਦਾ ਬੇਟਾ ਭਾਰੀ ਫੌਜ ਲੈ ਕੇ ਉਸ ਨੂੰ ਗ੍ਰਿਫਤਾਰ ਕਰਨ ਆਇਆ ਹੈ ਤਾਂ ਉਸ ਨੇ ਇੱਕ ਖਾਸ ਦੂਤ ਭੇਜ ਕੇ ਆਪਣੇ ਬੇਟੇ ਨੂੰ ਸੁਨੇਹਾ ਭੇਜਿਆ ਕਿ ਉਸ ਨੇ ਜੋ ਕੁੱਝ ਵੀ ਕੀਤਾ ਹੈ, ਤੇਰੇ ਲਈ ਕੀਤਾ ਹੈ। ਮੇਰੇ ਬਾਦ ਇਥੋਂ ਦੀ ਗੱਦੀ ਦਾ ਉਤਰਾਧਿਕਾਰੀ ਤੂੰ ਹੀ ਬਣੇਗਾ।

ਇਸ ਤੇ ਵਿਸ਼ਵਨਾਥ ਰਾਵ ਨਾਇਕ ਨੇ ਆਪਣੇ ਪਿਤਾ ਨੂੰ ਜਵਾਬ ਭਿਜਵਾਇਆ- ਪਿਤਾਸ਼੍ਰੀ, ਮੈਂ ਪਹਿਲਾਂ ਵਿਜੈਨਗਰ ਦਾ ਬੇਟਾ ਹਾਂ ਬਾਦ ਵਿੱਚ ਆਪ ਦਾ। ਆਪ ਨੇ ਆਪਣੇ ਸਵਾਮੀ ਅਤੇ ਦੇਸ਼ ਨਾਲ ਗੱਦਾਰੀ ਕਰਕੇ ਹੁਣ ਪਿਤਾ ਕਹਾਉਣ ਦਾ ਹੱਕ ਵੀ ਖ਼ਤਮ ਕਰ ਦਿੱਤਾ ਹੈ। ਆਪ ਦੀ ਭਲਾਈ ਇਸੇ ਵਿੱਚ ਹੈ ਕਿ ਆਪ ਤੁਰੰਤ ਆਤਮ-ਸਮਰਪਣ ਕਰ ਦਿਉ।

ਨਾਗਮਾਰਾਵ ਨਾਇਕ ਨੇ ਕਈ ਚਾਲਾਂ ਚੱਲੀਆਂ ਕਿ ਉਸ ਦਾ ਬੇਟਾ ਉਸ ਦੇ ਜਾਲ ਵਿੱਚ ਫਸ ਜਾਏ ਪਰ ਉਹ ਅਸਫਲ ਰਿਹਾ। ਅੰਤ ਵਿੱਚ ਬਾਪ-ਬੇਟੇ ਦੀਆਂ ਸੈਨਾਵਾਂ ਵਿੱਚ ਘਮਸਾਨ ਯੁੱਧ ਹੋਇਆ। ਬਾਪ-ਬੇਟਾ ਆਹਮਣੇ-ਸਾਹਮਣੇ ਤਲਵਾਰਾਂ ਖਿੱਚ ਕੇ ਆ ਗਏ। ਨਾਗਮਾਰਾਵ, ਅਸਧਾਰਣ ਵੀਰ ਸਨ, ਕਦੇ ਕਿਸੇ ਤੋਂ ਹਾਰਿਆ ਨਹੀਂ ਸੀ ਪ੍ਰੰਤੂ ਅੱਜ ਉਸ ਦਾ ਹੀ ਬੇਟਾ, ਉਸ ਤੇ ਭਾਰੀ ਪੈ ਰਿਹਾ ਸੀ। ਦਿਨਭਰ ਯੁੱਧ ਦੇ ਬਾਦ ਨਾਗਮਾਰਾਵ ਹਾਰ ਗਿਆ। ਵਿਸ਼ਵਨਾਥ ਰਾਵ



ਆਪਣੇ ਪਿਤਾ ਦੀਆਂ ਮੁਸ਼ਕਾਂ ਬੰਨ੍ਹ ਉਸ ਨੂੰ ਵਿਜੈਨਗਰ ਲਿਆਇਆ ਅਤੇ ਮਹਾਰਾਜ ਕ੍ਰਿਸ਼ਣਦੇਵ ਰਾਏ ਦੇ ਸਾਹਮਣੇ ਖੜਾ ਕਰ ਦਿੱਤਾ।

ਮਹਾਰਾਜ ਕ੍ਰਿਸ਼ਣਦੇਵ ਰਾਏ, ਵਿਸ਼ਵਨਾਥ ਰਾਵ ਤੋਂ ਬਹੁਤ ਖੁਸ਼ ਹੋਏ ਅਤੇ ਬੋਲੇ- ਵਿਸ਼ਵਨਾਥ, ਤੂੰ ਅੱਜ ਉਹ ਕਰਕੇ ਵਿਖਾਇਆ ਜਿਸ ਦੀ ਮਿਸਾਲ ਇਤਿਹਾਸ ਵਿੱਚ ਬਹੁਤ ਘੱਟ ਮਿਲਦੀ ਹੈ। ਤੂੰ ਵਿਜੈਨਗਰ ਦੇ ਲੂਣ ਦਾ ਕਰਜ ਅਦਾ ਕਰ ਦਿੱਤਾ ਹੁਣ ਤੂੰ ਚਾਹੇ ਤਾਂ ਵਿਜੈਨਗਰ ਦਾ ਰਾਜ ਵੀ ਮੰਗ ਲੈ, ਮੈਂ ਦੇ ਦੇਵਾਂਗਾ।

ਵਿਸ਼ਵਨਾਥ ਰਾਵ ਮਹਾਰਾਜ ਕ੍ਰਿਸ਼ਣਦੇਵ ਦੇ ਚਰਨਾਂ ਵਿੱਚ ਡਿੱਗ ਪਿਆ- ਮਹਾਰਾਜ, ਮੈਨੂੰ ਵਿਜੈਨਗਰ ਦਾ ਰਾਜ ਨਹੀਂ ਚਾਹੀਦਾ। ਕਰ ਸਕੋ ਤਾਂ ਮੇਰੇ ਪਿਤਾ ਨੂੰ ਮਾਫ਼ ਕਰ ਦਿਉ, ਇਹ ਭਟਕ ਗਏ ਸਨ।

ਮਹਾਰਾਜ ਕ੍ਰਿਸ਼ਣਦੇਵ ਰਾਏ ਹੈਰਾਨ ਰਹਿ ਗਏ – ਹੁਣ ਤਕ ਆਪਣੇ ਪਿਤਾ ਦੇ ਖ਼ੂਨ ਦਾ ਪਿਆਸਾ ਬੇਟਾ ਉਸ ਦੀ ਜ਼ਿੰਦਗੀ ਮੰਗ ਰਿਹਾ ਹੈ। – ਥੋੜਾ ਸੋਚ ਕੇ ਮਹਾਰਾਜ ਬੋਲੇ – ਵਿਸ਼ਵਨਾਥ, ਤੇਰੀ ਵਜ੍ਹਾ ਨਾਲ ਮੈਂ ਤੇਰੇ ਪਿਤਾ ਨੂੰ ਸਾਰੇ ਅਪਰਾਧਾਂ ਤੋਂ ਮੁਕਤ ਕਰਕੇ ਆਜ਼ਾਦ ਕਰਦਾ ਹਾਂ ਅਤੇ ਤੈਨੂੰ ਆਪਣਾ ਰੱਖਿਅਕ ਸਲਾਹਕਾਰ ਬਣਾਉਂਦਾ ਹਾਂ।

ਵਿਸ਼ਵਨਾਥ ਰਾਵ ਨਾਇਕ ਨੇ ਆਪਣੇ ਪਿਤਾ ਦੇ ਬੰਧਨ ਆਪਣੇ ਹੱਥਾਂ ਨਾਲ ਖੋਲ੍ਹੇ ਤਾਂ ਪਿਤਾ ਦੀਆਂ ਅੱਖਾਂ ਵਿੱਚੋਂ ਹੰਝੂਆਂ ਦੀ ਧਾਰਾ ਵਹਿ ਤੁਰੀ। ਨਾਗਮਾਰਾਵ ਨਾਇਕ ਨੇ ਬੇਟੇ ਨੂੰ ਗਲੇ ਲਗਾ ਲਿਆ ਅਤੇ ਬੋਲੇ – ਪਿਤਾ ਆਪਣੇ ਬੇਟੇ ਨੂੰ ਗਲਤ ਰਾਹ ਤੇ ਜਾਣ ਤੋਂ ਰੋਕਦਾ ਹੈ ਪਰ ਇਥੇ ਤਾਂ ਉਲਟਾ ਹੋਇਆ ਤੂੰ ਆਪਣੇ ਪਿਤਾ ਨੂੰ ਗਲਤ ਰਾਹ ਜਾਣ ਤੋਂ ਖਿੱਚ ਕੇ ਕੁਕਰਮ ਤੋਂ ਬਚਾ ਲਿਆ। ਮੈਂ ਧੰਨ ਹੋ ਗਿਆ।

ਦਰਬਾਰ, ਵਿਸ਼ਵਨਾਥ ਰਾਵ ਅਤੇ ਨਾਗਮਾਰਾਵ ਨਾਇਕ ਦੀ ਜੈ-ਜੈਕਾਰ ਨਾਲ ਗੂੰਜ ਉਠਿਆ। ■

## ਤਿੰਨ ਚੀਜ਼ਾਂ

- *ਤਿੰਨ ਚੀਜ਼ਾਂ ਵਿੱਚ ਮਨ ਲਗਾਉਣ ਨਾਲ ਫਾਇਦਾ ਹੁੰਦਾ ਹੈ*
  ਈਸ਼ਵਰ, ਮਿਹਨਤ, ਵਿਦਿਆ।
- *ਤਿੰਨ ਦਾ ਹਮੇਸ਼ਾਂ ਸਨਮਾਨ ਕਰਨਾ ਚਾਹੀਦਾ ਹੈ*
  ਮਾਤਾ-ਪਿਤਾ, ਮਹਿਮਾਨ, ਗੁਰੂ।
- *ਤਿੰਨ ਚੀਜ਼ਾਂ ਤੋਂ ਹਮੇਸ਼ਾਂ ਬਚਣਾ ਚਾਹੀਦਾ ਹੈ*
  ਬੁਰੀ ਸੰਗਤ, ਸਵਾਰਥ, ਨਿੰਦਿਆ।
- *ਤਿੰਨ ਲਈ ਮਰ ਮਿਟੋ*
  ਦੇਸ਼, ਧਰਮ, ਮਿੱਤਰ।
- *ਤਿੰਨ ਗੱਲਾਂ ਨਾ ਭੁੱਲੋ*
  ਉਪਦੇਸ਼, ਉਦਾਰਤਾ, ਉਪਕਾਰ।
- *ਤਿੰਨ ਦਾ ਸੰਗ੍ਰਹਿ ਕਰੋ*
  ਚੰਗੀਆਂ ਕਿਤਾਬਾਂ, ਚੰਗੇ ਮਿੱਤਰ, ਚੰਗੇ ਕੰਮ।
- *ਤਿੰਨ ਦਾ ਸਾਹਮਣਾ ਕਰੋ*
  ਦੁਸ਼ਮਣ, ਅਤਿਆਚਾਰ, ਮੁਸੀਬਤ।

– ਸ਼ੋਭਾ ਸ਼ਰਮਾ

# ਸਹਿਜ ਸਲੋਨਾ ਚੀਤਲ


- ਅਨੀਤਾ ਕਪੂਰ

ਚੀਤਲ ਹਿਰਣ ਪਰਿਵਾਰ ਦਾ ਸਭ ਤੋਂ ਵੱਧ ਸੁੰਦਰ ਅਤੇ ਦਿਲਖਿਚਵਾਂ ਮੈਂਬਰ ਹੈ। ਅੰਗ੍ਰੇਜ਼ੀ ਵਿੱਚ ਇਸ ਨੂੰ 'ਸਪੋਟੇਡ ਡੀਯਰ' ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ ਜਦਕਿ ਸੰਸਕ੍ਰਿਤ ਵਿੱਚ ਇਸ ਦੇ ਲਈ 'ਪ੍ਰਸ਼ਤ' ਸ਼ਬਦ ਦਾ ਇਸਤੇਮਾਲ ਕੀਤਾ ਜਾਂਦਾ ਹੈ ਜਿਸਦਾ ਅਰਥ ਹੈ 'ਸਫੈਦ ਬਿੰਦੂ'। ਚੀਤਲ ਇੱਕ ਪ੍ਰਾਚੀਨ ਪ੍ਰਾਣੀ ਹੈ। ਇਸ ਦਾ ਵਰਨਣ ਬਾਲਮੀਕੀ ਰਮਾਇਣ ਅਤੇ ਕਾਲੀਦਾਸ ਰਚਿਤ 'ਰਘੁਵੰਸ਼' ਵਿੱਚ ਮਿਲਦਾ ਹੈ।

ਇਹ ਖੂਬਸੂਰਤ ਚਾਰ ਪੈਰਾਂ ਵਾਲਾ ਚੀਤਲ ਕੇਵਲ ਭਾਰਤ ਅਤੇ ਸ੍ਰੀਲੰਕਾ ਦੇ ਕੁੱਝ ਹਿੱਸਿਆਂ ਵਿੱਚ ਹੀ ਮਿਲਦਾ ਹੈ। ਇੱਕ ਬਾਲਗ ਚੀਤਲ ਦੀ ਉਚਾਈ ਲਗਭਗ ਤਿੰਨ ਫੁੱਟ ਹੁੰਦੀ ਹੈ। ਇਸ ਦੇ ਸਰੀਰ ਦਾ ਪਿਛਲਾ ਹਿੱਸਾ ਅਗਲੇ ਹਿੱਸੇ ਦੀ ਬਜਾਏ ਛੋਟਾ ਹੁੰਦਾ ਹੈ। ਇਸ ਦੀ ਨਾਜੁਕ ਅਤੇ ਮੁਲਾਇਮ ਖੱਲ ਦਾ ਰੰਗ ਲਾਲਭੂਰਾ ਹੁੰਦਾ ਹੈ ਅਤੇ ਉਸ ਤੇ ਬਣੀਆਂ ਚਿੱਟੀਆਂ ਬਿੰਦੀਆਂ ਚੀਤਲ ਦੀ ਸੁੰਦਰਤਾ ਵਿੱਚ ਹੋਰ ਵਾਧਾ ਕਰਦੀਆਂ ਹਨ। ਮੂੰਹ ਦਾ ਰੰਗ ਗੂੜਾ ਅਤੇ ਆਕਾਰ ਵਿੱਚ ਹਿਰਣ ਦੀ ਤਰ੍ਹਾਂ ਹੁੰਦਾ ਹੈ। ਚੀਤਲ ਦੇ ਲਾਲ-ਭੂਰੇ ਰੰਗ ਦੇ ਸਿੰਗ ਇਸ ਦੇ ਵਿਅਕਤੀਤਵ ਨੂੰ ਚਾਰ ਚੰਨ ਲਾਉਂਦੇ ਹਨ। ਇਹਨਾਂ ਸਿੰਗਾਂ ਦੀ ਲੰਬਾਈ ਤਿੰਨ ਫੁੱਟ ਤੋਂ ਜ਼ਿਆਦਾ ਅਤੇ ਮੋਟਾਈ ਪੰਚ ਇੰਚ ਤਕ ਹੁੰਦੀ ਹੈ। ਇਸ ਦੇ ਸਿੰਗ ਹੋਰ ਪਸ਼ੂਆਂ ਦੇ ਸਿੰਗਾਂ ਤੋਂ ਵੱਖਰੇ ਹੁੰਦੇ ਹਨ। ਹਰੇਕ ਸਿੰਗ ਵਿੱਚ ਤਿੰਨ-ਤਿੰਨ ਬ੍ਰਾਚਾਂ ਹੁੰਦੀਆਂ ਹਨ। ਖੂਬਸੂਰਤ ਸਿੰਗਾਂ ਦਾ ਇਹ ਅਨੋਖਾ ਤੋਹਫਾ ਕੁਦਰਤ ਨੇ ਕੇਵਲ ਨਰ ਚੀਤਲ ਨੂੰ ਹੀ ਬਖਸ਼ਿਆ ਹੈ। ਮਾਦਾ ਚੀਤਲ ਦੇ ਸਿੰਗ ਨਹੀਂ ਹੁੰਦੇ। ਵਰਖਾ ਰੁੱਤ ਦੇ ਆਗਮਨ ਤੋਂ ਪਹਿਲਾਂ ਚੀਤਲ ਆਪਣੇ ਸਿੰਗਾਂ ਨੂੰ ਡੇਗ ਲੈਂਦਾ ਹੈ। ਵਰਖਾ ਖਤਮ ਹੋਣ ਦੇ ਬਾਦ ਸਿੰਗ ਫਿਰ ਉਗਣ ਲੱਗਦੇ ਹਨ।

ਚੀਤਲ ਦਾ ਨਿਵਾਸ ਸਿੱਲੇ ਅਤੇ ਖੁਸ਼ਕ ਜਲਵਾਯੂ ਵਾਲੇ ਖੇਤਰ ਹਨ। ਖੁਲ੍ਹੇ ਜੰਗਲ, ਭਰਪੂਰ ਬਨਸਪਤੀ ਅਤੇ ਪਾਣੀ ਦੀ ਪ੍ਰਾਪਤੀ ਚੀਤਲ ਦੇ ਰਹਿਣ ਦੀ ਜ਼ਰੂਰੀ ਲੋੜ ਹੈ। ਭਾਰਤ ਵਿੱਚ ਇਹ ਮੁੱਖ ਰੂਪ ਨਾਲ ਹਿਮਾਲਯ ਦੀ ਤਰਾਈ ਦੇ ਜੰਗਲਾਂ ਅਤੇ ਪ੍ਰਾਯਦੀਪ ਦੇ ਖੁਲ੍ਹੇ ਜੰਗਲਾਂ ਵਿੱਚ ਮਿਲਦਾ ਹੈ। ਹਰਿਦਵਾਰ ਤੋਂ ਗੰਗਾ ਦੀ ਤਰਾਈ ਵਿੱਚ ਫੈਲੇ ਜੰਗਲਾਂ ਦਾ ਵਾਤਾਵਰਣ ਵੀ ਇਸ ਨੂੰ ਬਹੁਤ ਰਾਸ ਆਉਂਦਾ ਹੈ। ਸਮੁੰਦਰੀ ਤਲ ਤੋਂ ਚਾਰ ਹਜ਼ਾਰ ਫੁੱਟ ਤੋਂ ਜ਼ਿਆਦਾ ਉਚਾਈ ਤੇ ਚੀਤਲ ਨਹੀਂ ਮਿਲਦੇ। ਖੁਲ੍ਹੇ ਚਰਾਗਾਹ ਵਾਲੇ ਸਥਾਨ ਇਸ ਨੂੰ ਖਾਸਤੌਰ ਤੇ ਪਸੰਦ ਹਨ।

ਚੀਤਲ ਸੁਭਾਅ ਤੋਂ ਇੱਕ ਸਮਾਜਿਕ ਅਤੇ ਸਹਿਨਸ਼ੀਲ ਪ੍ਰਾਣੀ ਹੈ। ਜੰਗਲ ਵਿੱਚ ਇਹ ਕਾਲੇ ਹਿਰਣ, ਨੀਲ ਗਾਂ ਅਤੇ ਲੰਗੂਰ ਵਰਗੇ ਸ਼ਾਕਾਹਾਰੀ ਅਤੇ



ਸਿੱਧੇ-ਸਾਦੇ ਪਸ਼ੂਆਂ ਨਾਲ ਦੋਸਤੀ ਰੱਖਦਾ ਹੈ। ਲੰਗੂਰ ਅਤੇ ਬਾਂਦਰਾਂ ਨਾਲ ਇਸ ਦੀ ਗੂੜੀ ਮਿੱਤਰਤਾ ਹੁੰਦੀ ਹੈ। ਲੰਗੂਰ ਜਦ ਕਿਸੇ ਰੁੱਖ ਤੇ ਚੜ ਕੇ ਫਲ ਖਾਂਦੇ ਹਨ ਤਾਂ ਉਹ ਰੁੱਖ ਦੇ ਹੇਠਾਂ ਖੜੇ ਚੀਤਲ ਲਈ ਵੀ ਫਲ ਅਤੇ ਪੱਤੀਆਂ ਤੋੜ ਕੇ ਸੁੱਟਦੇ ਹਨ। ਇਹਨਾਂ ਦਾ ਮੁੱਖ ਭੋਜਨ ਘਾਹ, ਹਰੀ ਪੱਤੀਆਂ, ਫਲ-ਫੁੱਲ ਆਦਿ ਹੁੰਦੇ ਹਨ।

ਚੀਤਲ ਇੱਕ ਖੇਡ-ਪ੍ਰੇਮੀ ਪਸ਼ੂ ਹੈ। ਢਿੱਡ ਭਰ ਜਾਣ ਦੇ ਬਾਦ ਇਹ ਆਪਣੇ ਸਾਥੀਆਂ ਨਾਲ ਮਸਤੀ ਵਿੱਚ ਆ ਕੇ ਖੂਬ ਉਛਲਦਾ-ਕੁੱਦਦਾ ਅਤੇ ਧਮਾਚੌਕੜੀ ਮਚਾਉਂਦਾ ਹੈ। ਖੇਡ-ਖੇਡ ਵਿੱਚ ਭੱਜ ਕੇ ਇੱਕ-ਦੂਜੇ ਦਾ ਪਿੱਛਾ ਕਰਦੇ ਹੋਏ ਇਹ ਮੀਲਾਂ ਦੂਰ ਨਿਕਲ ਜਾਂਦੇ ਹਨ।

ਖਤਰੇ ਜਾਂ ਮੁਸੀਬਤ ਦੀ ਸੂਚਨਾ ਦੇਣ ਲਈ ਇਹ ਸੰਕੇਤਿਕ ਉਪਾਵਾਂ ਦਾ ਸਹਾਰਾ ਲੈਂਦੇ ਹਨ। ਮੁਸੀਬਤ ਦਾ ਅਹਿਸਾਸ ਹੁੰਦੇ ਹੀ ਇਹਨਾਂ ਦਾ ਸਰੀਰ ਕੱਸ ਜਾਂਦਾ ਹੈ ਅਤੇ ਗਰਦਨ ਆਕੜ ਜਾਂਦੀ ਹੈ। ਆਪਣੇ ਬਾਕੀ ਸਾਥੀਆਂ ਨੂੰ ਖਤਰੇ ਦੀ ਸੂਚਨਾ ਦੇਣ ਲਈ ਇਹ ਆਪਣੀ ਪੂਛ ਉਪਰ ਚੁੱਕ ਕੇ ਪੈਰ ਜਮੀਨ ਤੇ ਪਟਕਦਾ ਹੈ। ਇਸ ਦੇ ਇਲਾਵਾ ਖਤਰੇ ਦੇ ਸਮੇਂ ਇੱਕ ਵਿਸ਼ੇਸ਼ ਤਰ੍ਹਾਂ ਦੀ ਧੁਨੀ ਕੱਢ ਕੇ ਦੂਰ ਚਰ ਰਹੇ ਸਾਥੀਆਂ ਨੂੰ ਸੁਚੇਤ ਕਰ ਦਿੰਦਾ ਹੈ। ਚੀਤਲ ਦੂਸਰੇ ਪਸ਼ੂਆਂ ਦੇ ਨਾਲ ਆਸਾਨੀ ਨਾਲ ਘੁਲ-ਮਿਲ ਜਾਂਦਾ ਹੈ। ਜੰਗਲ ਜਾਂ ਚਾਰਾਗਾਹ ਵਿੱਚ ਚਰਣ ਵਾਲੇ ਬਾਕੀ ਪਸ਼ੂਆਂ ਗਾਂ, ਬੱਲਦ, ਭੇਡ, ਬੱਕਰੀ ਆਦਿ ਦੇ ਨਾਲ ਇਹ ਨਿੱਡਰ ਹੋ ਕੇ ਘਾਹ ਚਰਦਾ ਰਹਿੰਦਾ ਹੈ।

ਹਿਰਣਾਂ ਦੀ ਪ੍ਰਜਾਤੀ ਦਾ ਇਹ ਮਨੋਹਰ ਪਸ਼ੂ ਅੱਜਕਲ ਰਾਸ਼ਟਰੀ ਪ੍ਰਾਣੀ ਕਈ ਥਾਵਾਂ ਅਤੇ ਚਿੜੀਆਘਰਾਂ ਵਿੱਚ ਵੇਖਿਆ ਜਾ ਸਕਦਾ ਹੈ। ਚੀਤਲ ਦੀ ਸੁੰਦਰਤਾ ਨੇ ਆਦਮੀ ਨੂੰ ਹਮੇਸ਼ਾਂ ਮੋਹਿਤ ਕੀਤਾ ਹੈ।



# ਗਰਮੀ ਵਿੱਚ ਦੁੱਧ ਛੇਤੀ ਕਿਉਂ ਫਟ ਜਾਂਦਾ ਹੈ?

ਪੇਸ਼ਕਸ਼ : ਵਿਭਾ ਵਰਮਾ

ਬੱਚਿਉ! ਤੁਸੀਂ ਵੇਖਿਆ ਹੋਵੇਗਾ ਕਿ ਦੁੱਧ ਨੂੰ ਬਿਨਾ ਉਬਾਲੇ ਕੱਚਾ ਹੀ ਰੱਖ ਦਿੱਤਾ ਜਾਏ ਤਾਂ ਉਹ ਛੇਤੀ ਖਰਾਬ ਹੋ ਜਾਂਦਾ ਹੈ ਜਦਕਿ ਇਸੇ ਦੁੱਧ ਨੂੰ ਗਰਮ ਕਰ ਦਿੱਤਾ ਜਾਏ ਤਾਂ ਕਾਫੀ ਸਮੇਂ ਤਕ ਖਰਾਬ ਨਹੀਂ ਹੁੰਦਾ।

ਬੱਚਿਉ! ਕੀ ਤੁਸੀਂ ਜਾਣਦੇ ਹੋ ਕਿ ਅਜਿਹਾ ਕਿਉਂ ਹੁੰਦਾ ਹੈ? ਕੱਚੇ ਦੁੱਧ ਦੇ ਛੇਤੀ ਖਰਾਬ ਹੋਣ ਦਾ ਕਾਰਣ ਅਨੇਕ ਪ੍ਰਕਾਰ ਦੇ ਜੀਵਾਣੂ ਹੁੰਦੇ ਹਨ। ਕੱਚੇ ਰੱਖੇ ਦੁੱਧ ਵਿੱਚ ਜੀਵਾਣੂ ਪ੍ਰਜਨਨ ਦੇ ਰਾਹੀਂ ਤੇਜ਼ੀ ਨਾਲ ਵਧਣ ਲੱਗਦੇ ਹਨ। ਉਪਰੋਂ ਜੇਕਰ ਮੌਸਮ ਗਰਮੀ ਦਾ ਹੋਵੇ ਅਰਥਾਤ ਵਾਯੂਮੰਡਲ ਗਰਮ ਰਹਿੰਦਾ ਹੈ ਤਾਂ ਇਹ ਵਾਧਾ ਕਾਫੀ ਤੀਬਰਤਾ ਨਾਲ ਹੁੰਦਾ ਹੈ ਇਸ ਲਈ ਸਰਦੀਆਂ ਦੀ ਬਜਾਏ ਗਰਮੀਆਂ ਵਿੱਚ ਦੁੱਧ ਛੇਤੀ ਖਰਾਬ ਹੋ ਜਾਂਦਾ ਹੈ। ਦੁੱਧ ਖਰਾਬ ਹੋਣ ਦਾ ਮੁੱਖ ਕਾਰਣ ਜੀਵਾਣੂਆਂ ਦੇ ਵੱਧਣ ਨਾਲ ਦੁੱਧ ਵਿੱਚ ਐਸਿਡਿਟੀ ਵਧਣ ਲੱਗਦੀ ਹੈ ਜੋ ਦੁੱਧ ਵਿੱਚ ਖਟਾਸ ਲਿਆ ਕੇ ਉਸ ਨੂੰ ਫਾੜ ਦਿੰਦੀ ਹੈ। ਜੇਕਰ ਇਸੇ ਦੁੱਧ ਨੂੰ ਅਸੀਂ ਪਹਿਲਾਂ ਹੀ ਗਰਮ ਕਰ ਦਈਏ ਤਾਂ ਦੁੱਧ ਵਿੱਚ ਜੀਵਾਣੂਆਂ ਦੀ ਗਿਣਤੀ ਨਾ ਦੇ ਬਰਾਬਰ ਰਹਿੰਦੀ ਹੈ ਅਤੇ ਫਿਰ ਜੀਵਾਣੂਆਂ ਨੂੰ ਦੁੱਧ ਵਿੱਚ ਕਾਫੀ ਗਿਣਤੀ ਵਿੱਚ ਬਣਨ ਵਿੱਚ ਕਾਫੀ ਸਮਾਂ ਲਗ ਜਾਂਦਾ ਹੈ। ਇਸ ਲਈ ਦੁੱਧ ਨੂੰ ਜ਼ਿਆਦਾ ਸਮੇਂ ਤਕ ਫੁੱਟਣ ਤੋਂ ਬਚਾਉਣ ਲਈ 5-6 ਘੰਟਿਆਂ ਦੇ ਫਰਕ ਨਾਲ ਗਰਮ ਕੀਤਾ ਜਾਂਦਾ ਹੈ।

# ਫੁੱਲ ਵੀ ਖਿੜਦੇ ਹਨ ਕੈਕਟਸ ਵਿੱਚ

ਲੇਖ : ਈਲੂ ਰਾਣੀ

ਕੈਕਟਸ ਰੇਗਿਸਤਾਨ ਅਤੇ ਜੰਗਲਾਂ ਵਿੱਚ ਉਗਣ ਵਾਲਾ ਪੌਦਾ ਹੈ, ਇਸ ਦੀ ਦੁਨੀਆਭਰ ਵਿੱਚ 1500 ਤੋਂ ਵੀ ਵੱਧ ਪ੍ਰਜਾਤੀਆਂ ਮੌਜੂਦ ਹਨ। ਇਸ ਦੀ 95 ਪ੍ਰਤੀਸ਼ਤ ਪ੍ਰਜਾਤੀਆਂ ਤੇ ਕੰਡੇ ਹੁੰਦੇ ਹਨ। ਕੁਦਰਤ ਦਾ ਇਹ ਇੱਕ ਅਜਿਹਾ ਪੌਦਾ ਹੈ ਜੋ ਹਰ ਮੌਸਮ ਵਿੱਚ ਬਿਨਾ ਖਾਦ ਪਾਣੀ ਦੇ ਵੀ ਸਦਾ ਮੁਸਕੁਰਾਉਂਦਾ ਅਤੇ ਹਰਾ-ਭਰਾ ਦਿਖਾਈ ਦਿੰਦਾ ਹੈ।

ਗ੍ਰੀਕ ਸ਼ਬਦ 'ਕਾਕਟੌਸ' ਤੋਂ ਵਿਗੜ ਕੇ 'ਕੈਕਟਸ' ਸ਼ਬਦ ਬਣਿਆ ਹੈ। ਗ੍ਰੀਕ ਭਾਸ਼ਾ ਵਿੱਚ 'ਕਾਕਟੌਸ' ਦਾ ਅਰਥ ਕੰਡੇਦਾਰ ਪੌਦਾ ਹੁੰਦਾ ਹੈ। ਲੇਕਿਨ ਕੈਕਟਸ ਦੀਆਂ ਕੁੱਝ ਕਿਸਮਾਂ ਅਜਿਹੀਆਂ ਵੀ ਹੁੰਦੀਆਂ ਹਨ ਜਿਹਨਾਂ ਵਿੱਚ ਕੰਡੇ ਨਹੀਂ ਹੁੰਦੇ। ਕੈਕਟਸ ਸਿਰਫ ਰੇਤ ਵਿੱਚ ਹੀ ਫਲਦਾ-ਫੁਲਦਾ ਹੈ, ਇਹ ਆਮ ਧਾਰਣਾ ਹੈ, ਲੇਕਿਨ ਸੱਚਾਈ ਤਾਂ ਇਹ ਹੈ ਕਿ ਇਸ ਨੂੰ ਵੀ ਹੋਰ ਪੌਦਿਆਂ ਦੇ ਵਾਂਗ ਸਹੀ ਤਰ੍ਹਾਂ ਦੇ ਪੋਸ਼ਣ ਦੀ ਲੋੜ ਪੈਂਦੀ ਹੈ। ਹਾਂ, ਆਪਣੇ ਅੰਦਰ ਪਾਣੀ ਸੋਕ ਕੇ ਰੱਖਣ ਦੀ ਸਮਰੱਥਾ ਦੇ ਕਾਰਣ ਇਸ ਵਿੱਚ ਵਾਰ-ਵਾਰ ਪਾਣੀ ਨਹੀਂ ਪਾਉਣਾ ਪੈਂਦਾ।

ਕੈਕਟਸ ਨੂੰ ਮੋਟੇ ਤੌਰ ਤੇ ਤਿੰਨ ਸ਼੍ਰੇਣੀਆਂ ਵਿੱਚ ਰੱਖ ਸਕਦੇ ਹਾਂ। ਇਹ ਹੈ 'ਅਪੇਸੀਆ', 'ਮਾਮਿਲਾਰੀ' ਅਤੇ 'ਰਾਡ ਕੈਕਟਸ'। ਨਾਗਫਨ ਦੇ ਵਾਂਗ ਚਪਟੇ ਤਨੇ ਵਾਲੇ ਕੈਕਟਸ 'ਆਪੇਸੀਆ' ਜਾਂ 'ਨਾਗਫਨੀ' ਕਹਾਉਂਦੇ ਹਨ। ਗੇਂਦ ਦੀ ਤਰ੍ਹਾਂ ਦੇ ਤਨੇ ਵਾਲੇ ਕੈਕਟਸ 'ਮਾਮਿਲਾਰੀ' ਕਹਾਉਂਦੇ ਹਨ ਅਤੇ ਡੰਡੇ ਦੀ ਤਰ੍ਹਾਂ ਗੋਲ ਲੰਮੇ ਤਨੇ ਦੇ ਕੈਕਟਸ 'ਰਾਡ ਕੈਕਟਸ' ਕਹਾਉਂਦੇ ਹਨ। ਅਜਿਹਾ ਨਹੀਂ ਹੈ ਕਿ ਕੈਕਟਸ ਸਿਰਫ ਕੰਡਿਆਂ ਵਾਲਾ ਪੌਦਾ ਹੀ ਹੈ, ਇਸ ਦੀਆਂ ਕਈ ਕਿਸਮਾਂ ਵਿੱਚ ਸੁੰਦਰ ਰੰਗ-ਬਿਰੰਗੇ ਫੁੱਲ ਵੀ ਖਿੜਦੇ ਹਨ। ਆਪੇਸੀਆ ਕੋਕਸੀਨੀਲੀ ਫੇਰਾ ਅਤੇ ਫਾਪਲੋ-ਕੈਕਟਸ ਵਿੱਚ ਲਾਲ ਰੰਗ ਦੇ ਆਕਰਸ਼ਿਕ ਫੁੱਲ ਉਗਦੇ ਹਨ। ਆਪੇਸੀਆ ਪੋਲਿਏਨਥਾ ਅਤੇ ਨੋਟੋ ਕੈਕਟਸ ਵਿੱਚ ਪੀਲੇ ਰੰਗ ਦੇ ਸੁੰਦਰ ਫੁੱਲ ਲੱਗਦੇ ਹਨ।

ਕੈਕਟਸ ਲਗਾਉਣ ਲਈ ਇਸ ਦਾ 4-5 ਇੰਚ ਦਾ ਤਨਾ ਕੱਟ ਕੇ 3-4 ਦਿਨ ਹਵਾ ਲੱਗਣ ਦੇਣੀ ਚਾਹੀਦੀ ਹੈ। ਉਸ ਦੇ ਬਾਦ ਜਮੀਨ ਜਾਂ ਗਮਲੇ ਵਿੱਚ ਲਗਾ ਕੇ ਉਸ ਵਿੱਚ ਥੋੜਾ-ਜਿਹਾ ਪਾਣੀ ਦੇ ਦਿਉ। ਕੁੱਝ ਦਿਨਾਂ ਬਾਦ ਇਸ ਵਿੱਚ ਜੜ ਫੁੱਟ ਆਏਗੀ। ਇਸ ਪੌਦੇ ਦੀ ਖੂਬੀ ਇਹ ਹੈ ਕਿ ਇਸ ਨੂੰ ਖੁਲ੍ਹੇ ਵਿਹੜੇ, ਬਰਾਡੇ, ਚੌਂਕ ਆਦਿ ਵਿੱਚ ਲਗਾਉਣ ਦੇ ਇਲਾਵਾ ਘਰ ਦੇ ਅੰਦਰ ਕਮਰਿਆਂ ਵਿੱਚ ਵੀ ਰੱਖਿਆ ਜਾ ਸਕਦਾ ਹੈ।

ਅਫਰੀਕਾ ਦੇ ਜੰਗਲਾਂ ਵਿੱਚ ਮਿਲਣ ਵਾਲੇ ਕੈਕਟਸ ਦੇ ਪੌਦਿਆਂ ਦੀ ਲੰਬਾਈ 30 ਫੁੱਟ ਤਕ ਹੁੰਦੀ ਹੈ। ਵੇਖਣ ਵਿੱਚ ਇਹ ਪੌਦੇ ਬੜੇ ਅਜੂਬੇ ਹੁੰਦੇ ਹਨ। ਦੱਖਣ ਅਮਰੀਕਾ ਵਿੱਚ 8-10 ਫੁਟ ਲੰਮੇ ਕੈਕਟਸ ਦੇ ਅਜਿਹੇ ਪੌਦੇ ਹਨ, ਜਿਹਨਾਂ ਦਾ ਤਨਾ ਖ਼ੂਨ ਦੀ ਤਰ੍ਹਾਂ ਲਾਲ ਰਹਿੰਦਾ ਹੈ। ਇਸ ਤਨੇ ਤੋਂ ਕੁਦਰਤੀ ਲਾਲ ਰੰਗ ਦਾ ਨਿਰਮਾਣ ਵੀ ਕੀਤਾ ਜਾਂਦਾ ਹੈ।



# ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

ਪ੍ਰਸ਼ਨ : ਡਰ ਕਿਉਂ ਲੱਗਦਾ ਹੈ?

ਉੱਤਰ : ਜਦ ਵੀ ਤੁਸੀਂ ਟੀਵੀ ਜਾਂ ਹੋਰ ਕਿਸੇ ਸਥਾਨ ਤੇ ਕੋਈ ਭਿਆਨਕ ਦ੍ਰਿਸ਼ ਵੇਖਦੇ ਹੋ, ਤਾਂ ਤੁਹਾਨੂੰ ਅਕਸਰ ਡਰ ਲੱਗਣ ਲੱਗਦਾ ਹੈ। ਪਰ, ਕਿਉਂ? ਦਰਅਸਲ, ਤੁਹਾਡੇ ਸਰੀਰ ਵਿੱਚ ਦਿਮਾਗ ਦੀਆਂ ਅਨੁਕੰਪੀ ਤੰਤਕ੍ਰਿਆਵਾਂ ਨਿਊਰੋ ਹਾਰਮੋਨ ਏਡਰੀਨਲਿਨ ਅਤੇ ਨਾਰ ਏਡਰੀਨਲਿਨ ਦਾ ਰਸਾਵ ਕਰਦੀਆਂ ਹਨ, ਜਿਸ ਨਾਲ ਡਰ ਪੈਦਾ ਕਰਨ ਵਾਲੇ ਕੁਝ ਲੱਛਣ ਪ੍ਰਗਟ ਹੋਣ ਲੱਗਦੇ ਹਨ। ਇਹ ਲੱਛਣ ਹਨ- ਕੰਬਣਾ, ਲੂੰ-ਕੰਡੇ ਖੜੇ ਹੋਣਾ, ਪਸੀਨਾ ਆਉਣਾ, ਜੀਭ ਸੁਕਣਾ, ਅੱਖਾਂ ਚੌੜੀਆਂ ਹੋਣਾ ਆਦਿ। ਇਹੀ ਕਾਰਣ ਹੈ ਕਿ ਭਿਆਨਕ ਵਸਤੂ ਜਾਂ ਦ੍ਰਿਸ਼ ਵੇਖਣ ਤੇ ਤੁਸੀਂ ਡਰ ਜਾਂਦੇ ਹੋ।

ਪ੍ਰਸ਼ਨ : ਪਾਣੀ ਨੂੰ ਰੱਖਣ ਲਈ ਮਿੱਟੀ ਦੇ ਬਰਤਨ ਕਿਉਂ ਚੰਗੇ ਮੰਨੇ ਜਾਂਦੇ ਹਨ?

ਉੱਤਰ : ਪਾਣੀ ਨੂੰ ਮਿੱਟੀ ਦੇ ਬਰਤਨਾਂ ਵਿੱਚ ਇੱਕਠਾ ਕਰਨਾ ਇਕ ਪੁਰਾਣੀ ਵਿੱਧੀ ਹੈ, ਕਿਉਂਕਿ ਮਿੱਟੀ ਦੇ ਬਰਤਨਾਂ ਵਿੱਚ ਜੀਵਾਣੂ ਘੱਟ ਹੁੰਦੇ ਹਨ। ਅਗਰ ਬਰਤਨਾਂ ਵਿੱਚ ਕਪੂਰ ਜਾਂ ਤੁਲਸੀ ਦੀਆਂ ਪੱਤੀਆਂ ਪਾ ਦਿੱਤੀਆਂ ਜਾਣ ਤਾਂ ਇਸ ਵਿੱਚ ਯੂਜੀਮੋਲ ਅਤੇ ਆਕਸੀਜਨ ਮੋਨਾਟਰਪਿੰਸ ਦੇ ਕਾਰਣ ਸੂਖਸ਼ਮ ਜੀਵਾਂ ਦੀ ਗਿਣਤੀ ਬਹੁਤ ਘੱਟ ਹੋ ਜਾਂਦੀ ਹੈ।

ਪ੍ਰਸ਼ਨ : ਭੋਜਨ ਖਾਣ ਲਈ ਚਿਕਨਾਈ ਭਰਪੂਰ ਬਰਤਨਾਂ ਦਾ ਇਸਤੇਮਾਲ ਕਿਉਂ ਨਹੀਂ ਕਰਨਾ ਚਾਹੀਦਾ?

ਉੱਤਰ : ਭੋਜਨ ਚੰਗੀ ਸਿਹਤ ਦਾ ਨਿਰਮਾਣ ਕਰਦਾ ਹੈ। ਸ਼ੁਧ ਅਤੇ ਪੌਸ਼ਟਿਕ ਭੋਜਨ ਨਾਲ ਹੀ ਸਰੀਰ ਦਾ ਠੀਕ ਤਰ੍ਹਾਂ ਵਾਧਾ ਹੁੰਦਾ ਹੈ ਅਤੇ ਸਰੀਰ ਰੋਗਮੁਕਤ ਵੀ ਰਹਿੰਦਾ ਹੈ। ਅਜਿਹੇ ਬਰਤਨ ਜਿਸ ਵਿੱਚ ਚਿਕਨਾਈ ਹੋਵੇ ਅਤੇ ਮਿੱਟੀ ਜੰਮੀ ਹੋਵੇ, ਉਹਨਾਂ ਦਾ ਇਸਤੇਮਾਲ ਕਰਨਾ ਘਾਤਕ ਹੁੰਦਾ ਹੈ। ਇਹਨਾਂ ਬਰਤਨਾਂ ਵਿੱਚ ਸੂਖਸ਼ਮ ਜੀਵ ਚਿਪਕੇ ਰਹਿੰਦੇ ਹਨ। ਇਹ ਸੂਖਸ਼ਮਜੀਵ ਬਹੁਤ ਹੀ ਹਾਨੀਕਾਰਕ ਹੁੰਦੇ ਹਨ ਅਤੇ ਸਰੀਰ ਵਿੱਚ ਦਸਤ, ਡਾਇਰੀਆ ਅਤੇ ਮਿਆਦੀ ਬੁਖ਼ਾਰ ਵਰਗੇ ਕੁਝ ਰੋਗ ਪੈਦਾ ਕਰ ਸਕਦੇ ਹਨ। ਚਿਕਨਾਈ ਅਤੇ ਮਿੱਟੀ ਵਾਲੇ ਬਰਤਨਾਂ ਵਿੱਚ ਭੋਜਨ ਨਹੀਂ ਕਰਨਾ ਚਾਹੀਦਾ।

ਪ੍ਰਸ਼ਨ : ਕੁਝ ਦਿਨ ਤੋਂ ਬਾਅਦ ਰਸੋਈ ਗੈਸ ਦਾ ਸਿਲੰਡਰ ਹਲਕਾ ਕਿਉਂ ਪ੍ਰਤੀਤ ਹੁੰਦਾ ਹੈ?

ਉੱਤਰ : ਅੱਜ-ਕੱਲ ਘਰਾਂ ਵਿਚ ਭੋਜਨ ਪਕਾਉਣ ਲਈ ਦ੍ਰਵਿਤ ਪੈਟ੍ਰੋਲਿਅਮ ਗੈਸ ਦਾ ਪ੍ਰਯੋਗ ਕੀਤਾ ਜਾਂਦਾ ਹੈ ਜੋ ਸਿਲੰਡਰਾਂ ਵਿਚ ਭਰ ਕੇ ਘਰਾਂ ਵਿਚ ਪਹੁੰਚਾਈ ਜਾਂਦੀ ਹੈ। ਦਰਅਸਲ ਭੋਜਨ ਬਨਾਉਣ ਦੇ ਉਦੇਸ਼ ਨਾਲ ਰਸੋਈਘਰਾਂ ਵਿਚ ਪ੍ਰਯੋਗ ਕੀਤੀ ਜਾਣ ਵਾਲੀ ਇਸ ਗੈਸ ਵਿਚ ਪ੍ਰੋਪੇਨ, ਏਥੇਨ, ਬਯੂਟੇਨ ਅਤੇ ਆਈਸੋਬਯੂਟੇਨ ਨਾਂ ਦੀਆਂ ਗੈਸਾਂ ਦਾ ਮਿਸ਼ਰਣ ਹੁੰਦਾ ਹੈ। ਜਿਵੇਂ-ਜਿਵੇਂ ਗੈਸ ਖਰਚ ਹੁੰਦੀ ਜਾਂਦੀ ਹੈ ਤਿਵੇਂ-ਤਿਵੇਂ ਹੀ ਸਿਲੰਡਰ ਦਾ ਭਾਰ ਘੱਟ ਹੋ ਜਾਂਦਾ ਹੈ ਜਿਸ ਨਾਲ ਸਿਲੰਡਰ ਹਲਕਾ ਪ੍ਰਤੀਤ ਹੁੰਦਾ ਹੈ। ■

# ਰਕਸ਼ਾ ਬੰਧਨ

– ਜਗਤਾਰ ਚਮਨ

ਰੱਖੜੀ ਦਾ ਤਿਉਹਾਰ ਹੈ ਰਕਸ਼ਾ ਬੰਧਨ,
ਭੈਣ ਭਰਾ ਦਾ ਪਿਆਰ ਹੈ ਰਕਸ਼ਾ ਬੰਧਨ।

ਇਹ ਕੱਚਾ ਧਾਗਾ ਪੱਕੇ ਰਿਸ਼ਤੇ ਜੋੜਦਾ ਹੈ,
ਰਿਸ਼ਤਿਆਂ ਦਾ ਸ਼ਿੰਗਾਰ ਹੈ ਰਕਸ਼ਾ ਬੰਧਨ।

ਜਾਤ-ਪਾਤ ਦੇ ਹਰ ਬੰਧਨ ਤੋਂ ਉਠੱ ਕੇ,
ਨਿਭ ਜਾਂਦਾ ਹਰ ਵਾਰ ਹੈ ਰਕਸ਼ਾ ਬੰਧਨ।

ਹਿੰਦੁਸਤਾਨ ਦੀ ਹੈ ਇਹ ਪਿਆਰੀ ਪਰੰਪਰਾ,
ਰਕਸ਼ਾ ਦਾ ਆਧਾਰ ਹੈ ਰਕਸ਼ਾ ਬੰਧਨ।

ਪਿਆਰ ਦਾ 'ਚਮਨ' ਹਮੇਸ਼ਾਂ ਖਿੜਦਾ ਰਹੇ,
ਸਾਂਝਾ ਦਾ ਉਪਹਾਰ ਹੈ ਰਕਸ਼ਾ ਬੰਧਨ।




# ਫਰਫਰ ਪਤੰਗ ਦੀ 'ਚਾਈਨੀਜ਼ ਡੋਰ'

– ਘਣਸ਼ਾਮ ਦਾਸ ਖੱਤਰੀ

ਪਤੰਗ ਤਿਉਹਾਰ ਵਿੱਚ ਕੁੱਝ ਹੀ ਦਿਨ ਬਾਕੀ ਸਨ। ਸਾਰੀਆਂ ਪਤੰਗਾਂ ਬਹੁਤ ਖੁਸ਼ ਸਨ। ਉਹ ਹੁਣ ਤੋਂ ਹੀ ਆਸਮਾਨ ਵਿੱਚ ਉਡਣ ਲਈ ਉਛਲ ਰਹੀਆਂ ਸਨ। ਪਤੰਗਾਂ ਇਹ ਸੋਚ ਕੇ ਬਹੁਤ ਆਨੰਦਿਤ ਸਨ ਕਿ ਉਹ ਆਸਮਾਨ ਵਿੱਚ ਉਡਣ ਦਾ ਆਨੰਦ ਲੁੱਟਣਗੀਆਂ, ਪੰਛੀਆਂ ਨਾਲ ਗੱਲਾਂ ਕਰਨਗੀਆਂ, ਬੱਦਲਾਂ ਦੇ ਦੇਸ਼ ਵਿੱਚ ਜਾਣਗੀਆਂ। ਵਾਹ, ਕਿੰਨਾ ਮਜ਼ਾ ਆਏਗਾ।

ਪਰ ਘਮੰਡੀ 'ਫਰਫਰ ਪਤੰਗ' ਕੁੱਝ ਹੋਰ ਹੀ ਸੋਚ ਰਹੀ ਸੀ। ਉਸ ਨੇ ਸੋਚਿਆ ਕਿ 'ਮੈਂ ਚਾਈਨੀਜ਼ ਡੋਰ' ਨਾਲ ਜੁੜ ਕੇ ਉਡਾਂਗੀ। ਦੂਸਰੀਆਂ ਪਤੰਗਾਂ ਨਾਲ ਖੂਬ ਪੇਚੇ ਲੜਾਂਵਾਂਗੀ। ਆਸਮਾਨ ਵਿੱਚ ਆਕਾਸ਼ੀ ਯੁੱਧ ਹੋਵੇਗਾ ਤਾਂ ਕੋਈ ਪਤੰਗ ਮੇਰੇ ਅੱਗੇ ਟਿਕ ਨਹੀਂ ਸਕੇਗੀ। ਮੈਂ ਸਾਰੀਆਂ ਪਤੰਗਾਂ ਨੂੰ ਕੱਟ ਕੇ ਆਸਮਾਨ ਤੋਂ ਹੇਠਾਂ ਨਾ ਸੁੱਟ ਦੇਵਾਂ ਤਾਂ ਮੇਰਾ ਨਾਂ ਫਰਫਰ ਨਹੀਂ। ਜੇਤੂ ਮੈਂ ਹੀ ਬਣਾਗੀ।''



ਇਸ ਦੀ ਇਸ ਗੱਲ ਦਾ ਪਤਾ ਜਦ ਦੂਸਰੀਆਂ ਪਤੰਗਾਂ ਨੂੰ ਲੱਗਿਆ ਤਾਂ ਉਹ ਦੁੱਖੀ ਹੋ ਗਈਆਂ। ਇੱਕ ਸਮਝਦਾਰ ਪਤੰਗ ਨੇ ਉਸ ਨੂੰ ਸਮਝਾਉਂਦੇ ਹੋਏ ਕਿਹਾ, 'ਫਰਫਰ, ਤੇਰੀ ਇਹ ਸੋਚ ਠੀਕ ਨਹੀਂ ਹੈ। ਤੈਨੂੰ ਪਤਾ ਵੀ ਹੈ, ਤੇਜ਼ ਤਲਵਾਰ ਵਰਗਾ ਚਾਈਨੀਜ਼ ਧਾਗਾ ਕਿੰਨਾ ਘਾਤਕ ਹੁੰਦਾ ਹੈ? ਉਸ ਨਾਲ ਹਰ ਸਾਲ ਕਿੰਨੇ ਨਿਰਦੋਸ਼ ਪੰਛੀ ਅਤੇ ਇਨਸਾਨਾਂ ਦੀ ਜਾਨ ਚਲੀ ਜਾਂਦੀ ਹੈ। ਸਾਨੂੰ ਪਤੰਗ ਤਿਉਹਾਰ ਤੇ ਚਾਈਨੀਜ਼, ਨਾਇਲੋਨ ਜਾਂ ਕੱਚ ਲੱਗੇ ਹੋਏ ਮਾਂਝੇ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ।'

ਪਰ ਫਰਫਰ ਕਿਥੇ ਮੰਨਣ ਵਾਲੀ ਸੀ? ਉਸ ਨੇ ਮੂੰਹ ਬਣਾਉਂਦੇ ਹੋਏ ਕਿਹਾ, ਓਹ! ਤਾਂ ਤੁਸੀਂ ਸਾਰੀਆਂ ਹੁਣ ਤੋਂ ਹੀ ਮੇਰੇ ਨਾਲ ਪੇਚੇ ਲੜਾਉਣ ਤੋਂ ਡਰ ਰਹੀਆਂ ਹੋ। ਇਸ ਲਈ ਅਜਿਹੀਆਂ ਗੱਲਾਂ ਕਰ ਰਹੀਆਂ ਹੋ। ਲੇਕਿਨ ਮੈਂ ਤੈਅ ਕਰ ਲਿਆ ਹੈ ਕਿ ਮੈਂ ਪਤੰਗ ਤਿਉਹਾਰ ਦੇ ਦਿਨ ਚਾਈਨੀਜ਼ ਧਾਗੇ ਦੇ ਨਾਲ ਉਡਾਂਗੀ। ਫਿਰ ਵੇਖਣਾ, ਕਿਸੇ ਦੀ ਕੀ ਮਜਾਲ ਕਿ ਮੈਨੂੰ ਕੋਈ ਹਰਾ ਸਕੇ।''

ਸਾਰੀਆਂ ਪਤੰਗਾਂ ਨੇ ਫਰਫਰ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਫਰਫਰ ਨੇ ਕਿਸੇ ਦੀ ਇੱਕ ਨਾ ਸੁਣੀ।

ਦੂਸਰੇ ਦਿਨ ਪਤੰਗ ਤਿਉਹਾਰ ਦੇ ਦਿਨ ਸਾਰੀਆਂ ਪਤੰਗਾਂ ਸਵੇਰੇ-ਸਵੇਰੇ ਛੇਤੀ ਜਾਗ ਗਈਆਂ। ਹਵਾ ਵੀ ਉਹਨਾਂ ਦਾ ਸਾਥ ਦੇਣ ਲਈ ਤੇਜ਼ੀ ਨਾਲ ਚਲ ਰਹੀ ਸੀ। ਤੇਜ਼ ਹਵਾ ਵਿੱਚ ਉਡਣ ਲਈ ਉਹ



ਉਛਲ ਰਹੀਆਂ ਸਨ। ਬੱਚੇ ਵੀ ਆਪਣੀਆਂ-ਆਪਣੀਆਂ ਪਤੰਗਾਂ ਦੇ ਨਾਲ ਪਤੰਗ ਤਿਉਹਾਰ ਦਾ ਆਨੰਦ ਲੈਣ ਲਈ ਉਤਸਾਹਿਤ ਸਨ। ਬੱਚੇ ਅਤੇ ਜਵਾਨ ਆਪਣੇ-ਆਪਣੇ ਘਰ ਦੀ ਛੱਤ ਤੇ ਪਤੰਗਾਂ ਲੈ ਕੇ ਖੜੇ ਸਨ। ਹਵਾ ਦਾ ਜ਼ੋਰ ਹੌਲੀ-ਹੌਲੀ ਵਧ ਰਿਹਾ ਸੀ। ਵੇਖਦੇ ਹੀ ਵੇਖਦੇ ਆਸਮਾਨ ਰੰਗ-ਬਿਰੰਗੀਆਂ ਪਤੰਗਾਂ ਨਾਲ ਭਰਨ ਲੱਗਾ। ਲਾਲ, ਹਰੀ, ਨੀਲੀ, ਹਰ ਰੰਗ ਦੀ ਪਤੰਗ ਆਕਾਸ਼ ਵਿੱਚ ਉਡ ਰਹੀ ਸੀ। ਕੁੱਝ ਬੱਚੇ ਭਕਾਨੇ ਵੀ ਉਡਾ ਰਹੇ ਸਨ। ਕਈ ਬੱਚਿਆਂ ਨੇ ਆਪਣੀਆਂ ਪਤੰਗਾਂ ਖੂਬ ਸਜਾਈਆਂ ਹੋਈਆਂ ਸਨ। ਕਈ ਬੱਚਿਆਂ ਨੇ ਆਪਣੀਆਂ ਪਤੰਗ ਨੂੰ ਲੰਮੀ ਪੂਛ ਲਗਾ ਕੇ ਉਹਨਾਂ ਨੂੰ ਹੋਰ ਵੀ ਦਿਲ-ਖਿਚਵੀਂ ਬਣਾਇਆ ਸੀ।

ਕਈ ਲੋਕਾਂ ਨੇ ਡੀਜੇ ਵੀ ਲਗਾਇਆ ਹੋਇਆ ਸੀ। ਗਾਣੇ ਸੁਣਦੇ-ਸੁਣਦੇ ਪਤੰਗਾਂ ਉਡਾਉਣ ਦਾ ਮਜਾ ਕੁੱਝ ਹੋਰ ਹੀ ਸੀ ਤਾਂ ਕਈ ਲੋਕ ਛੱਤ ਤੇ ਨਾਸ਼ਤਾ, ਜਲੇਬੀ, ਗਾਜਰ ਅਤੇ ਤਿਲ ਦੇ ਲੱਡੂ ਖਾਣ ਦਾ ਆਨੰਦ ਲੈ ਰਹੇ ਸਨ।

ਚਾਰੇ ਪਾਸੇ ਮਾਹੌਲ ਬਹੁਤ ਵਧੀਆ ਸੀ। ਲੇਕਿਨ ਕੁੱਝ ਹੀ ਪਲ ਵਿੱਚ ਮਾਹੌਲ ਬਦਲ ਗਿਆ। ਜਦ ਫਰਫਰ 'ਚਾਈਨੀਜ਼ ਡੋਰ' ਨਾਲ ਜੁੜ ਕੇ ਉਡਣ ਲੱਗੀ ਤਾਂ ਹੋਰ ਪਤੰਗਾਂ ਦੀ ਚਿੰਤਾ ਵਧ ਗਈ। ਉਹਨਾਂ ਨੂੰ ਇਹ ਚਿੰਤਾ ਸਤਾ ਰਹੀ ਸੀ ਕਿ ਫਰਫਰ ਦੀ ਜ਼ਿੱਦ ਦੇ ਕਾਰਣ ਕਿਤੇ ਕੋਈ ਦੁਰਘਟਨਾ ਨਾ ਹੋ ਜਾਏ।

ਬਾਕੀ ਪਤੰਗਾਂ ਤਾਂ ਆਮ ਸੂਤੀ ਧਾਗੇ ਨਾਲ ਹੀ ਉਡ ਰਹੀਆਂ ਸਨ। ਉਹ ਇੱਕ-ਦੂਸਰੇ ਨਾਲ ਨਿਰਦੋਸ਼ ਭਾਵ ਨਾਲ ਪੇਚੇ ਲੜਾ ਕੇ ਪਤੰਗ ਤਿਉਹਾਰ ਦਾ ਮਜਾ ਲੈ ਰਹੀਆਂ ਸਨ। ਪਰ ਫਰਫਰ ਨੇ ਤਾਂ ਇੱਕ ਦੇ ਬਾਦ ਇੱਕ ਸਾਰੀਆਂ ਪਤੰਗਾਂ ਨੂੰ ਕੱਟਣਾ ਸ਼ੁਰੂ ਕਰ ਦਿੱਤਾ। ਉਸ ਦੇ ਕੋਲ ਤਾਂ ਚਾਈਨੀਜ਼ ਧਾਗੇ ਦੇ ਰੂਪ ਵਿੱਚ ਕੈਂਚੀ ਹੀ ਸੀ। ਉਸ ਨੇ ਤਾਂ ਬਸ ਜਿੱਤਣਾ ਸੀ।

ਜਿਹਨਾਂ ਦੀਆਂ ਪਤੰਗਾਂ ਕੱਟ ਰਹੀਆਂ ਸਨ ਉਹ ਬੱਚੇ ਉਦਾਸ ਹੋਣ ਲੱਗੇ। ਜ਼ਿਆਦਾ ਛੋਟੇ ਬੱਚੇ ਤਾਂ ਰੋਣ ਹੀ ਲੱਗ ਗਏ। ਉਹ ਦੂਸਰੀ ਪਤੰਗ ਉਡਾਉਂਦੇ ਤਾਂ ਉਹ ਪਤੰਗ ਵੀ ਫਰਫਰ ਆਪਣੀ ਤੇਜ਼ ਚਾਈਨੀਜ਼ ਡੋਰ ਨਾਲ ਝੱਟ ਕੱਟ ਦਿੰਦੀ ਸੀ ਅਤੇ ਜ਼ੋਰ-ਜ਼ੋਰ ਨਾਲ ਹੱਸਣ ਲੱਗਦੀ।

ਹੋਰ ਪਤੰਗਾਂ ਕੱਟਣ ਦੇ ਚੱਕਰ ਵਿੱਚ ਫਰਫਰ ਨੇ ਪੰਛੀਆਂ ਦੇ ਖੰਭ ਵੀ ਕੱਟ ਦਿੱਤੇ। ਕਈ ਛੋਟੀਆਂ ਚਿੜੀਆਂ ਤਾਂ ਆਸਮਾਨ ਤੋਂ ਸਿੱਧਾ ਹੇਠਾਂ ਜ਼ਮੀਨ ਤੇ ਡਿੱਗਣ ਲੱਗੀਆਂ। ਕੁੱਝ ਤਾਂ ਵਿਚਾਰੀਆਂ ਮਰ ਵੀ ਗਈਆਂ।

ਪੰਛੀਆਂ ਦੀ ਅਜਿਹੀ ਹਾਲਤ ਵੇਖ ਕੇ ਉਡਦੇ ਬੱਦਲਾਂ ਨੇ ਫਰਫਰ ਨੂੰ ਸਮਝਾਇਆ ਕਿ ''ਫਰਫਰ, ਤੂੰ ਇਹ ਠੀਕ ਨਹੀਂ ਕਰ ਰਹੀ ਇਹਨਾਂ ਪੰਛੀਆਂ ਨੇ ਤੇਰਾ ਕੀ ਵਿਗਾੜਿਆ ਹੈ? ਸਾਨੂੰ ਇਹ ਤਿਉਹਾਰ ਨਿਰਦੋਸ਼ ਭਾਵ ਨਾਲ ਮਨਾਉਣਾ ਚਾਹੀਦਾ ਹੈ। ਇਸ ਤਰ੍ਹਾਂ ਹੋਰ ਜੀਵਾਂ ਨੂੰ ਨੁਕਸਾਨ ਪਹੁੰਚਾ ਕੇ ਕਦੇ ਵੀ ਤਿਉਹਾਰ ਦਾ

ਆਨੰਦ ਨਹੀਂ ਲਿਆ ਜਾ ਸਕਦਾ।''

ਫਰਫਰ ਨੇ ਉਸ ਨੂੰ ਗੁੱਸਾ ਕੀਤਾ ਅਤੇ ਕਿਹਾ, ''ਬੱਦਲ, ਤੂੰ ਆਪਣਾ ਕੰਮ ਕਰ। ਮੈਨੂੰ ਅੱਜ ਜੇਤੂ ਬਣਨ ਤੋਂ ਕੋਈ ਨਹੀਂ ਰੋਕ ਸਕਦਾ।''

ਸਾਰੀਆਂ ਪਤੰਗਾਂ ਨਿਰਾਸ ਹੋ ਗਈਆਂ। ਦੂਸਰੇ ਪਾਸੇ ਸਾਰੇ ਬੱਚੇ ਵੀ ਨਿਰਾਸ ਹੋਣ ਲੱਗੇ ਕਿਉਂਕਿ ਲਗਾਤਾਰ ਉਹਨਾਂ ਦੀਆਂ ਪਤੰਗਾਂ ਕੱਟ ਜੋ ਰਹੀਆਂ ਸਨ। ਫਰਫਰ ਦੀ ਜ਼ਿੱਦ ਨਾਲ ਦੁਰਘਟਨਾ ਤਾਂ ਘਟਣੀ ਹੀ ਸੀ।

ਹੋਇਆ ਇਹ ਕਿ ਛੋਟੇ ਜਿਹੇ ਬੱਚੇ ਨੇ ਚੰਨ੍ਹ ਵਾਲੀ ਸੁੰਦਰ ਪਤੰਗ ਉਡਾਈ ਤਾਂ ਫਰਫਰ ਦੀ ਨਜ਼ਰ ਉਸ ਤੇ ਵੀ ਪਈ। ਉਸ ਨੇ ਸੋਚਿਆ, ''ਇਸ ਚੰਨ੍ਹ ਵਾਲੀ ਪਤੰਗ ਨੂੰ ਤਾਂ ਅੱਜ ਮੈਂ ਕੱਟ ਕੇ ਹੀ ਰਹਾਂਗੀ। ਕੱਲ ਆਪਣੀ ਸੁੰਦਰਤਾ ਤੇ ਬੜੀ ਇਤਰਾ ਰਹੀ ਸੀ।''

ਉਹ ਤੇਜ਼ੀ ਨਾਲ ਸੱਜੇ ਪਾਸੇ ਮੁੜੀ ਅਤੇ ਤੇਜ਼ ਹਵਾ ਵਿੱਚ ਸਰ....ਸਰ... ਕਰਦੀ ਹੋਈ ਚੰਨ੍ਹ ਵਾਲੀ ਪਤੰਗ ਨੂੰ ਕੱਟਣ ਲਈ ਤਿਆਰ ਹੋਈ। ਪਰ ਤੇਜ਼ ਹਵਾ ਦਾ ਰੁੱਖ ਬਦਲਿਆ ਅਤੇ ਫਰਫਰ ਮੂੰਹ ਦੇ ਭਾਰ ਹੇਠਾਂ ਵੱਲ ਆਉਣ ਲੱਗੀ।

ਫਰਫਰ ਬਹੁਤ ਹੇਠਾਂ ਆ ਗਈ ਤਾਂ ਉਸ ਨੂੰ ਉਪਰ ਕਰਨ ਲਈ ਬੱਚੇ ਨੇ ਯਤਨ ਕੀਤਾ ਲੇਕਿਨ ਫਰਫਰ ਨਾਲ ਜੁੜੀ ਚਾਈਨੀਜ਼ ਡੋਰ ਇੱਕ ਦੂਸਰੇ ਬੱਚੇ ਦੇ ਗਲ ਵਿੱਚ ਫਸ ਗਈ।


ਆਮ ਸੂਤੀ ਧਾਗਾ ਹੁੰਦਾ ਤਾਂ ਬੱਚਾ ਉਸ ਨੂੰ ਖਿਚ ਕੇ ਤੋੜ ਦਿੰਦਾ ਅਤੇ ਉਸ ਨੂੰ ਕੋਈ ਨੁਕਸਾਨ ਨਾ ਹੁੰਦਾ ਪਰ ਚਾਈਨੀਜ਼ ਡੋਰ ਹੋਣ ਦੇ ਕਾਰਣ ਇੱਕ ਬੱਚੇ ਨੇ ਜਿਵੇਂ ਹੀ ਫਰਫਰ ਨੂੰ ਖਿੱਚਣਾ ਸ਼ੁਰੂ ਕੀਤਾ .ਤਿਉਂ ਹੀ ਦੂਸਰੇ ਬੱਚੇ ਦਾ ਗਲਾ ਕੱਟ ਗਿਆ। ਉਹ ਦਰਦ ਦੇ ਮਾਰੇ ਚੀਕਣ ਲੱਗਾ।

ਬੱਚੇ ਦੇ ਚੀਕਣ ਦੀ ਆਵਾਜ਼ ਸੁਣ ਕੇ ਸਾਰੀਆਂ ਪਤੰਗਾਂ ਦਾ ਸਾਹ ਅਟਕ ਗਿਆ। ਲਾਗੇ-ਲਾਗੇ ਦੇ ਸਾਰੇ ਲੋਕ ਇੱਕਠੇ ਹੋ ਗਏ। ਉਸ ਬੱਚੇ ਦੇ ਪਿਤਾ ਜੀ ਦੌੜਦੇ ਹੋਏ ਆਏ। ਉਹਨਾਂ ਨੇ ਵੇਖਿਆ ਕਿ ਚਾਈਨੀਜ਼ ਡੋਰ ਬੱਚੇ ਦੇ ਗਲੇ ਵਿੱਚ ਬੁਰੀ ਤਰ੍ਹਾਂ ਫਸੀ ਹੋਈ ਸੀ ਅਤੇ ਗਲੇ ਦਾ ਕਾਫੀ ਹਿੱਸਾ ਕੱਟ ਗਿਆ ਸੀ। ਖ਼ੂਨ ਵੱਗਣ ਦੇ ਕਾਰਣ ਉਸ ਦਾ ਬੇਟਾ ਬੇਹੋਸ਼ ਹੋ ਗਿਆ ਸੀ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ।

ਹੁਣ ਤਕ ਜੇਤੂ ਬਣਨ ਦਾ ਸੁਪਨਾ ਵੇਖ ਰਹੀ ਫਰਫਰ ਵੀ ਪਲਭਰ ਲਈ ਹੈਰਾਨ ਰਹਿ ਗਈ। ਬੱਚੇ ਦੀ ਗੰਭੀਰ ਹਾਲਤ ਵੇਖ ਕੇ ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ। ਬੱਚੇ ਦਾ ਸਹੀ ਵਕਤ ਤੇ ਇਲਾਜ ਹੋਣ ਕਾਰਣ ਉਹ ਬਚ ਗਿਆ ਸੀ।



ਇਹ ਵੇਖ ਕੇ ਬੱਦਲ ਨੇ ਫਰਫਰ ਨੂੰ ਸਮਝਾਉਂਦੇ ਹੋਏ ਕਿਹਾ, ''ਵੇਖਿਆ, ਫਰਫਰ? ਤੇਰੀ ਜ਼ਿੱਦ ਦੇ ਕਾਰਣ ਬੱਚੇ ਦੀ ਜਾਨ ਜਾਂਦੇ-ਜਾਂਦੇ ਬਚ ਗਈ। ਚਾਈਨੀਜ਼ ਡੋਰ ਨਾ ਜਾਣੇ ਕਿੰਨਿਆਂ ਦੀ ਜਾਨ ਲਏਗੀ, ਇਸ ਪੱਕੀ ਡੋਰ ਨੇ



ਕਈਆਂ ਦੇ ਗਲੇ ਕੱਟ ਲਏ ਹਨ ਤਾਂ ਕਈਆਂ ਲੋਕਾਂ ਦੀ ਸਾਹ ਦੀ ਨਸ ਕੱਟ ਚੁੱਕੀ ਹੈ। ਇਸ ਡੋਰ ਨਾਲ ਬੱਚਿਆਂ ਦੀਆਂ ਉਂਗਲੀਆਂ ਵਿੱਚ ਡੂੰਘੇ ਜ਼ਖ਼ਮ ਹੋ ਜਾਂਦੇ ਹਨ। ਐਨਾ ਹੀ ਨਹੀਂ, ਬਿਜਲੀ ਦਾ ਕਰੰਟ ਲੱਗਣ ਵਰਗੀਆਂ ਜਾਨਲੇਵਾ ਘਟਨਾਵਾਂ ਵੀ ਹੁੰਦੀਆਂ ਹਨ।''

ਸੂਤੀ ਧਾਗੇ ਵਾਲੀ ਇੱਕ ਫਿਰਕੀ (ਚਰਖੜੀ) ਬੋਲੀ, ''ਬਿਲਕੁਲ ਸਹੀ ਕਿਹਾ। ਚਾਈਨੀਜ਼ ਡੋਰ ਦੇ ਕਾਰਣ ਨਿਰਦੋਸ਼ ਪੰਛੀਆਂ ਦੇ ਖੰਭ ਕੱਟ ਜਾਂਦੇ ਹਨ। ਕਈ ਪੰਛੀ ਇਸ ਡੋਰ ਵਿੱਚ ਫਸ ਕੇ ਤੜਫ-ਤੜਫ ਕੇ ਮਰਦੇ ਹਨ। ਸਾਨੂੰ ਹਮੇਸ਼ਾਂ ਅਜਿਹੀ ਡੋਰ ਦਾ ਤਿਆਗ ਕਰਨਾ ਚਾਹੀਦਾ ਹੈ ਅਤੇ ਸਾਧਾਰਣ ਸੂਤੀ ਡੋਰ ਹੀ ਇਸਤੇਮਾਲ ਕਰਨੀ ਚਾਹੀਦੀ ਹੈ। ਸੂਤੀ ਡੋਰ ਕਿਸੇ ਨਾਲ ਟਕਰਾਅ ਕੇ ਟੁੱਟ ਜਾਂਦੀ ਹੈ। ਇਸ ਲਈ ਕਿਸੇ ਦੀ ਜਾਨ ਦਾ ਖਤਰਾ ਵੀ ਨਹੀਂ ਹੁੰਦਾ।''

ਫਰਫਰ ਦੀਆਂ ਅੱਖਾਂ ਵਿੱਚੋਂ ਹੰਝੂ ਕਿਰਨ ਲੱਗੇ। ਉਸ ਨੇ ਸਾਰਿਆਂ ਤੋਂ ਮਾਫੀ ਮੰਗਦੇ ਹੋਏ ਕਿਹਾ, ''ਮੈਨੂੰ ਮਾਫ਼ ਕਰ ਦੇਵੋ, ਦੋਸਤੋ! ਮੈਨੂੰ ਇੰਝ ਨਹੀਂ ਕਰਨਾ ਚਾਹੀਦਾ ਸੀ। ਅੱਜ ਦੇ ਬਾਦ ਮੈਂ ਕਦੇ ਵੀ ਚਾਈਨੀਜ਼ ਡੋਰ ਦਾ ਇਸਤੇਮਾਲ ਨਹੀਂ ਕਰਾਂਗੀ। ਮੈਂ ਹਮੇਸ਼ਾਂ ਲਈ ਚਾਈਨੀਜ਼ ਡੋਰ ਦਾ ਤਿਆਗ ਕਰਦੀ ਹਾਂ। ਤਿਉਹਾਰਾਂ ਦਾ ਸਹੀ ਮਜਾ ਦੂਸਰਿਆਂ ਨੂੰ ਆਨੰਦ ਦੇਣ ਵਿੱਚ ਹੈ। ਦੂਸਰਿਆਂ ਦਾ ਆਨੰਦ ਖੋਹਣ ਵਿੱਚ ਨਹੀਂ।''

ਫਰਫਰ ਵਿੱਚ ਪ੍ਰੀਵਰਤਨ ਆਇਆ ਵੇਖ ਸਾਰੀਆਂ ਪਤੰਗਾਂ ਖੁਸ਼ ਹੋ ਗਈਆਂ। ਹੁਣ ਫਰਫਰ ਵੀ ਆਮ ਸੂਤੀ ਡੋਰ ਨਾਲ ਬੱਝ ਕੇ ਆਕਾਸ਼ ਵਿੱਚ ਉਡਣ ਲੱਗੀ। ਸਾਰੀਆਂ ਪਤੰਗਾਂ ਨੂੰ ਆਮ ਡੋਰ ਨਾਲ ਉਡਦੇ ਵੇਖ ਕੇ ਬੱਚੇ ਅਤੇ ਪੰਛੀ ਵੀ ਆਨੰਦਿਤ ਹੋ ਗਏ ਕਿਉਂਕਿ ਹੁਣ ਉਹਨਾਂ ਨੂੰ ਆਪਣੀਆਂ ਉਂਗਲੀਆਂ, ਗਲਾ ਜਾਂ ਖੰਭ ਕੱਟਣ ਦਾ ਕੋਈ ਡਰ ਨਹੀਂ ਸੀ।




- ਬੇਟੇ, ਕੀ ਨਾਂ ਹੈ ਤੁਹਾਡਾ?
- ਜੀ ਬਬਲੂ!
- ਇਹ ਤਾਂ ਘਰ ਦਾ ਨਾਮ ਹੈ, ਮੈਂ ਤਾਂ ਤੇਰੇ ਸਕੂਲ ਦਾ ਨਾਂ ਪੁੱਛਿਆ ਹੈ?
- ਐਸ.ਆਰ.ਵੀ. ਮਾਡਲ ਸਕੂਲ।
- ਬੱਚਾ ਬੋਲਿਆ।

---

ਸੇਠ : ਇਹ ਕਿਹੋ ਜਿਹਾ ਜ਼ਮਾਨਾ ਆ ਗਿਆ ਹੈ ਕਿ ਲੱਭਣ ਤੇ ਵੀ ਆਦਮੀ ਨਹੀਂ ਮਿਲ ਰਿਹਾ ਹੈ ਜੋ ਝੂਠ ਨਾ ਬੋਲਦਾ ਹੋਵੇ।

ਅਮਿਤ : ਮੇਰੇ ਖਿਆਲ ਵਿੱਚ ਅਜਿਹਾ ਇੱਕ ਆਦਮੀ ਹੈ ਉਹ ਝੂਠ ਨਹੀਂ ਬੋਲਦਾ।

ਸੇਠ : ਅੱਛਾ! ਉਸ ਨੇਕ ਆਦਮੀ ਨਾਲ ਮੇਰੀ ਗੱਲ ਕਰਾਉ।

ਅਮਿਤ : ਇਹ ਸੰਭਵ ਨਹੀਂ, ਕਿਉਂਕਿ ਉਹ ਗੂੰਗਾ ਹੈ।

– ਪ੍ਰੇਰਣਾ

ਰੀਤੂ : (ਰੀਆ ਨੂੰ) ਇੱਕ ਚੋਰ ਮੇਰਾ ਪਰਸ ਖੋਹ ਕੇ ਭੱਜ ਗਿਆ।

ਰੀਆ : (ਰੀਤੂ ਨੂੰ) ਤਾਂ ਫਿਰ ਤੂੰ ਉਸ ਦਾ ਪਿੱਛਾ ਕੀਤਾ ਕਿ ਨਹੀਂ।

ਰੀਤੂ : ਬਿਲਕੁਲ ਕੀਤਾ ਮੈਂ ਤਾਂ ਉਸ ਤੋਂ ਅੱਗੇ ਵੀ ਨਿਕਲ ਗਈ ਸੀ ਲੇਕਿਨ ਜਦ ਮੈਂ ਪਿੱਛੇ ਮੁੜ ਕੇ ਵੇਖਿਆ ਤਾਂ ਉਹ ਗਾਇਬ ਸੀ।

---

ਦੇਵ : (ਸਾਹਿਲ ਨੂੰ), ਤੁਹਾਡਾ ਲੜਕਾ ਬਹੁਤ ਨਾਲਾਇਕ ਹੈ।

ਸਾਹਿਲ : ਉਹ ਕਿਵੇਂ?

ਦੇਵ : ਤੁਹਾਡੇ ਲੜਕੇ ਦੀ ਨਕਲ ਕਰਕੇ ਮੇਰਾ ਲੜਕਾ ਵੀ ਫੇਲ੍ਹ ਹੋ ਗਿਆ।

– ਸੋਨੀ

ਮਾਂ : (ਬੇਟੀ ਨੂੰ) ਦਿਸ਼ਾ, ਤੂੰ ਪੌਦਿਆਂ ਦੇ ਕੋਲ ਕੀ ਕਰ ਰਹੀ ਹੈ?

ਦਿਸ਼ਾ : ਮੰਮੀ, ਮੈਂ ਪੌਦਿਆਂ ਨੂੰ ਪਾਣੀ ਦੇ ਰਹੀ ਹਾਂ।

ਮਾਂ : ਲੇਕਿਨ ਉਥੇ ਤਾਂ ਤੇਜ਼ ਵਰਖਾ ਹੋ ਰਹੀ ਹੈ।

ਦਿਸ਼ਾ : ਤੁਸੀਂ ਚਿੰਤਾ ਨਾ ਕਰੋ ਮਾਂ, ਮੈਂ ਛੱਤਰੀ ਲੈ ਰੱਖੀ ਹੈ।

– ਅਮਿਤ

ਪਤਨੀ : (ਪਤੀ ਨੂੰ) ਰਾਤ ਨੂੰ ਮੋਬਾਇਲ ਚਾਰਜਿੰਗ ਤੇ ਨਾ ਰੱਖੋ।
ਪਤੀ : ਕਿਉਂ?
ਪਤਨੀ : ਬੈਟਰੀ ਬਲਾਸਟ ਹੋ ਜਾਏਗੀ।
ਪਤੀ : ਤੂੰ ਚਿੰਤਾ ਨਾ ਕਰ ਮੈਂ ਬੈਟਰੀ ਕੱਢ ਦਿੱਤੀ ਹੈ।

---

ਸੇਠ : (ਨੌਕਰ ਨੂੰ) ਤੂੰ ਲੈਟਰ ਬਾਕਸ ਵਿੱਚ ਖਤ ਪਾ ਦਿੱਤਾ?
ਨੌਕਰ : ਨਹੀਂ ਸੇਠ ਜੀ।
ਸੇਠ : ਕਿਉਂ ਨਹੀਂ ਪਾਇਆ?
ਨੌਕਰ : ਕਿਵੇਂ ਪਾਉਂਦਾ? ਲੈਟਰ ਬਾਕਸ ਦੇ ਬਾਹਰ ਤਾਲਾ ਲੱਗਾ ਸੀ।

---

ਅੰਕਲ : ਵੇਖੋ ਮੈਂ ਨਾਲਾਇਕ ਨੂੰ ਲਾਇਕ ਨਹੀਂ ਬਣਾ ਸਕਦਾ।
ਬੰਟੀ : ਲੇਕਿਨ ਮੈਂ ਬਣਾ ਸਕਦਾ ਹਾਂ।
ਅੰਕਲ : ਉਹ ਕਿਵੇਂ?
ਬੰਟੀ : 'ਨਾ' ਹਟਾ ਕੇ।

---

ਮੀਨਾ : ਕੱਲ ਤੂੰ ਪਾਰਟੀ ਵਿੱਚ ਕਿਉਂ ਨਹੀਂ ਆਈ?
ਟੀਨਾ : ਯਾਰ, ਕੱਲ ਮੇਰੀ BMW ਨਹੀਂ ਆਈ ਸੀ ਇਸ ਲਈ।
ਮੀਨਾ : BMW?
ਟੀਨਾ : ਬਰਤਨ ਮਾਂਝਣ ਵਾਲੀ।

– ਗੁਰਮੀਤ ਸਿੰਘ

– ਇੱਕ ਪੁਲਾੜ ਵਿਗਿਆਨੀ ਲੰਮੀ ਦੂਰੀ ਤਕ ਵੇਖ ਸਕਣ ਵਾਲੀ ਆਪਣੀ ਦੂਰਬੀਨ ਦੀ ਸਹਾਇਤਾ ਨਾਲ ਸਿਤਾਰਿਆਂ ਨੂੰ ਵੇਖ ਰਿਹਾ ਸੀ।
– ਇਸ ਦੌਰਾਨ ਸਾਇੰਸ ਲੈਬੋਰੇਟਰੀ ਦੇ ਚੌਕੀਦਾਰ ਨੇ ਆਕਾਸ਼ ਤੇ ਇੱਕ ਤਾਰਾ ਟੁੱਟਦਾ ਵੇਖਿਆ ਤਾਂ ਵਿਗਿਆਨੀ ਵੱਲ ਵੇਖਦੇ ਹੋਏ ਬੋਲਿਆ – ਮੰਨ ਗਏ ਸਰ, ਕਿੰਨਾ ਸ਼ਾਨਦਾਰ ਨਿਸ਼ਾਨਾ ਲਗਾਇਆ ਹੈ।

– ਰਵਨੀਤ ਸਿੰਘ

ਨੀਰਜ : (ਰੰਜਨ ਨੂੰ) ਕੀ ਤੇਰਾ ਕਦੇ ਮੂਰਖਾਂ ਨਾਲ ਵਾਹ ਪਿਆ ਹੈ?
ਰੰਜਨ : ਕੋਸ਼ਿਸ਼ ਤਾਂ ਬਹੁਤ ਕੀਤੀ ਬਚਣ ਦੀ ਪਰ ਅੱਜ ਤੇਰੇ ਤੋਂ ਬਚ ਨਹੀਂ ਸਕਿਆ।

---

ਮੈਡਮ : (ਛੋਟੇ ਬੱਚੇ ਨੂੰ) ਬੇਟਾ, ਆਪਣੇ ਪਾਪਾ ਦਾ ਨਾਂ ਦੱਸੋ?
ਬੱਚਾ : ਅਜੇ ਨਾਮ ਨਹੀਂ ਰੱਖਿਆ। ਉਹਨਾਂ ਨੂੰ ਅਸੀਂ ਪਾਪਾ ਕਹਿ ਕੇ ਬੁਲਾਉਂਦੇ ਹਾਂ।

– ਰਵੀ ਕੁਮਾਰ

# ਅਧਿਆਪਕਾਂ ਦਾ
## ਸਦਾ ਸਤਿਕਾਰ ਕਰੀਏ

– ਦੀਪੀ 'ਬੱਲੂਆਣਾ'


ਮਿਹਨਤ ਤੋਂ ਮਨ ਨਾ ਚੁਰਾਉਣਾ ਬੱਚਿਓ।
ਔਕੜਾਂ ਤੋਂ ਨਹੀਓਂ, ਘਬਰਾਉਣਾ ਬੱਚਿਓ।

ਔਕੜਾਂ ਵੀ ਜ਼ਿੰਦਗੀ ਦਾ ਹਿੱਸਾ ਹੁੰਦੀਆਂ।
ਹਰ ਬੰਦੇ ਦਾ ਹੀ, ਇਹ ਤਾਂ ਕਿੱਸਾ ਹੁੰਦੀਆਂ।
ਮਜ਼ਬੂਤ ਖੁਦ ਨੂੰ ਬਣਾਉਣਾ ਬੱਚਿਓ ...

ਚੰਗੇ ਇਨਸਾਨ ਬਣੋ ਲਿਖ-ਪੜ੍ਹ ਕੇ।
ਦੁਨੀਆ ਵੀ ਵੇਖੇ ਜਦੋਂ ਖੜ੍ਹ-ਖੜ੍ਹ ਕੇ।
ਮਨ 'ਚ ਹੰਕਾਰ ਨਹੀਂ, ਲਿਆਉਣਾ ਬੱਚਿਓ...

ਕੰਮ ਤੇ ਪੜ੍ਹਾਈ ਦਿਲ ਲਾ ਕੇ ਕਰੀਏ।
ਸਮਝ ਦਿਮਾਗ'ਚ ਬਿਠਾ ਕੇ ਕਰੀਏ।
ਰੱਟਾ ਨਹੀਂ ਕਦੇ ਵੀ ਲਗਾਉਣਾ ਬੱਚਿਓ ...

ਅਧਿਆਪਕਾਂ ਦਾ ਸਦਾ ਸਤਿਕਾਰ ਕਰੀਏ।
ਦੀਪੀ 'ਬੱਲੂਆਣੇ' ਉਚਾ ਮਿਆਰ ਕਰੀਏ।
ਇਨ੍ਹਾਂ ਨੇ ਹੀ ਪਾਰ ਹੈ ਲਗਾਉਣਾ ਬੱਚਿਓ ...



# ਸਾਧਾਰਨ ਗਿਆਨ ਪ੍ਰਸ਼ਨੋਤਰੀ

(ਸਭ ਸਵਾਲਾਂ ਦੇ ਜੁਵਾਬ 'ਲ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉਤੱਰ ਲਿਖਦੇ ਜਾਉ।)

ਪ੍ਰਸ਼ਨ 1) ਉਤਰਾਖੰਡ ਰਾਜ ਦਾ ਪੁਰਾਣਾ ਨਾਂ ਕੀ ਸੀ?

ਪ੍ਰਸ਼ਨ 2) ਭਗਵਾਨ ਸ੍ਰੀ ਕ੍ਰਿਸ਼ਣ ਦੇ ਵੱਡੇ ਭਰਾ ਬਲਰਾਮ ਦਾ ਕਿਹੜਾ ਅਸਤਰ ਸੀ?

ਪ੍ਰਸ਼ਨ 3) ਅਰਜੁਨ ਤੋਂ ਛੋਟਾ ਅਤੇ ਸਹਿਦੇਵ ਤੋਂ ਵੱਡਾ ਪਾਂਡਵ ਕੌਣ ਸੀ?

ਪ੍ਰਸ਼ਨ 4) ਉਰਜਾ ਦਾ ਮਾਤ੍ਰਿਕ ਕੀ ਹੈ?

ਪ੍ਰਸ਼ਨ 5) ਮਿਸ਼ਠੀ ਦੋਈ ਕਿਸ ਰਾਜ ਦਾ ਭੋਜਨ ਹੈ?

ਪ੍ਰਸ਼ਨ 6) ਆਗਰਾ ਵਿਚ ਸ਼ਾਹਜਹਾਂ ਰਾਹੀਂ ਆਪਣੀ ਪਤਨੀ ਮੁਮਤਾਜ ਦੀ ਯਾਦ ਵਿਚ ਬਣਵਾਏ ਗਏ ਮਕਬਰੇ ਦਾ ਨਾਂ ਕੀ ਹੈ?

ਪ੍ਰਸ਼ਨ 7) ਅਕਬਰ ਨਾਮਕ ਪੁਸਤਕ ਦੇ ਲੇਖਕ ਕੌਣ ਸਨ?

ਪ੍ਰਸ਼ਨ 8) ਕੋਡਾਈ ਝੀਲ ਤਾਮਿਲਨਾਡੂ ਦੇ ਕਿਸ ਸ਼ਹਿਰ ਵਿਚ ਹੈ?

ਪ੍ਰਸ਼ਨ 9) ਉਤਰਾਖੰਡ ਰਾਜ ਦਾ ਹਾਈਕੋਰਟ ਕਿਸ ਸ਼ਹਿਰ ਵਿਚ ਹੈ?

ਪ੍ਰਸ਼ਨ 10) ਮ੍ਰਿਤਸਾਗਰ ਜੋਰਡਨ ਕਿਸ ਦੇਸ਼ ਦੀ ਸੀਮਾ ਤੇ ਹੈ?

ਪ੍ਰਸ਼ਲ 11) ਕੋਲਕਾਤਾ ਵਿਚ ਸੰਗਮਰਮਰ ਨਾਲ ਬਣਿਆ ਕਿਹੜਾ ਸਮਾਰਕ ਮਹਾਰਾਣੀ ਵਿਕਟੋਰੀਆ ਦੀ ਯਾਦ ਵਿਚ ਬਣਾਇਆ ਗਿਆ ਹੈ?

ਪ੍ਰਸ਼ਨ 12) ਵਿਸ਼ਵ ਦੀ ਸਭ ਤੋਂ ਉੱਚੀ ਪਰਬਤ ਚੋਟੀ ਮਾਉਂਟ ਐਵਰੈਸਟ ਤੇ ਚੜਨ ਵਾਲੀ ਪਹਿਲੀ ਮਹਿਲਾ ਕੌਣ ਹੈ?

ਪ੍ਰਸ਼ਨ 13) ਭਾਰਤ ਦੇ ਕਿਸ ਰਾਜ ਦੀ ਮੁੱਖ ਭਾਸ਼ਾ ਬੰਗਲਾ ਦੇਸ਼ ਦੀ ਰਾਸ਼ਟਰ ਭਾਸ਼ਾ ਹੈ?

ਪ੍ਰਸ਼ਨ 14) ਈਸਾਈਆਂ ਦੀ ਪ੍ਰਸਿੱਧ ਧਾਰਮਿਕ ਪੁਸਤਕ ਕਿਹੜੀ ਹੈ?

ਪੇਸ਼ਕਸ਼: ਵਿਕਾਸ ਅਰੋੜਾ

(ਸਹੀ ਉੱਤਰ ਕਿਸੇ ਹੋਰ ਪੰਨੇ ਤੇ ਵੇਖੋ)



# ਕਿੱਟੀ

ਚਿੱਤਰਕਾਰ ਅਤੇ ਲੇਖਕ
– ਅਜੈ ਕਾਲਰਾ







ਮੈਂ ਮੋਟੀ, ਮੌਲੀ ਅਤੇ ਚਿੰਟੂ ਨੂੰ ਵੀ ਫੋਨ ਕਰਕੇ ਬੁਲਾ ਲੈਂਦੀ ਹਾਂ।
ਕਿੱਟੀ, ਅਸੀਂ ਸਾਰੇ ਆ ਗਏ, ਹੁਣ ਬਾਹਰ ਚਲੋ।
ਵਾਹ! ਵਰਖਾ ਦੇ ਇਸ ਖੁਸ਼ਨੁਮਾ ਮੌਸਮ ਦਾ ਮਜ਼ਾ ਤਾਂ ਭਿੱਜਣ ਵਿੱਚ ਹੀ ਹੈ।
ਪਰ ਮੈਨੂੰ ਤਾਂ ਵਰਖਾ ਵਿੱਚ ਭਿੱਜਣਾ ਬਹੁਤ ਚੰਗਾ ਲੱਗਦਾ ਹੈ, ਮੈਂ ਨਹੀਂ ਜਾਵਾਂਗੀ।
ਅਸੀਂ ਜ਼ਿਆਦਾ ਦੇਰ ਵਰਖਾ ਵਿੱਚ ਨਹੀਂ ਭਿੱਜਾਂਗੇ ਵਰਨਾ ਬੀਮਾਰ ਪੈ ਜਾਵਾਂਗੇ।


ਚਲੋ ਅਸੀਂ ਸਾਰੇ ਮਿਲ ਕੇ ਪਾਣੀ ਵਿੱਚ ਕਾਗਜ਼ ਦੀਆਂ ਕਿਸ਼ਤੀਆਂ ਬਣਾ ਕੇ ਚਲਾਈਏ।
ਅਰੇ! ਕਿੱਟੀ ਇਹ ਕੀ ਕਰ ਰਹੀ ਹੋ, ਮੈਂ ਪਾਣੀ ਵਿੱਚ ਡਿੱਗ ਜਾਊਂਗਾ।
ਚਿੰਟੂ ਪਾਣੀ ਵਿੱਚ ਡਿੱਗ ਗਿਆ, ਬੜਾ ਮਜ਼ਾ ਆਇਆ।


ਕਿੱਟੀ, ਇਹ ਤੂੰ ਕੀ ਕੀਤਾ? ਮੈਨੂੰ ਪਾਣੀ ਵਿੱਚ ਕਿਉਂ ਡੇਗ ਦਿੱਤਾ?
ਰੁਕੋ! ਮੈਂ ਤੈਨੂੰ ਹੁਣੇ ਦੱਸਦਾ ਹਾਂ।
ਇਹ ਕੀ ਮੈਂ ਤਾਂ ਡਿਗ ਗਈ?
ਧੜਾਮ
ਏ... ਕਿੱਟੀ ਪਾਣੀ ਵਿੱਚ ਡਿੱਗ ਗਈ। ਮਜ਼ਾ ਆਇਆ। ਅਰੇ ਇਹ ਕੀ? ਕਿੱਟੀ ਤੈਨੂੰ ਤਾਂ ਛਿੱਕਾਂ ਆਉਣ ਲੱਗੀਆਂ।
ਮੈਂ ਤੈਨੂੰ ਮਨ੍ਹਾ ਕੀਤਾ ਸੀ ਕਿ ਵਰਖਾ ਵਿੱਚ ਨਾ ਭਿੱਜੋ। ਪਰ ਤੂੰ ਮੇਰੀ ਨਹੀਂ ਸੁਣੀ ਅਤੇ ਹੁਣ ਪੈ ਗਈ ਬੀਮਾਰ।



# ਬੋਹੜ ਦੀ ਮੌਤ

– ਪ੍ਰਿਤਪਾਲ ਸਾਦਿਕ

ਅੱਜ ਮੋਨੂੰ ਬਹੁਤ ਉਦਾਸ ਸੀ। ਸਵੇਰ ਤੋਂ ਉਸ ਨੇ ਕੁੱਝ ਖਾਧਾ ਵੀ ਨਹੀਂ ਸੀ। ਮੋਨੂੰ ਦੀ ਮਾਂ ਉਸ ਦੀ ਉਦਾਸੀ ਵੇਖ ਕੇ ਚਿੰਤਤ ਸੀ।

ਪੁੱਛਣ ਤੇ ਮੋਨੂੰ ਨੇ ਦੱਸਿਆ, ''ਕੱਲ ਤੋਂ ਵਿਹੜੇ ਵਿੱਚ ਇੱਕ ਵੀ ਚਿੜੀ ਨਹੀਂ ਆਈ ਹੈ। ਨਾ ਚਿੜੀ ਆਈ ਹੈ, ਨਾ ਮੈਨਾ ਹੀ। ਕਾਂ ਵੀ ਨਹੀਂ ਆਇਆ ਹੈ। ਕਦੇ-ਕਦੇ ਗਲਹਿਰੀ ਆ ਜਾਇਆ ਕਰਦੀ ਸੀ। ਲੱਗਦਾ ਹੈ, ਉਹ ਵੀ ਰੁੱਸ ਗਈ ਹੈ। ਉਹ ਵੀ ਨਹੀਂ ਆਈ।''

ਐਤਵਾਰ ਦੀ ਛੁੱਟੀ ਸੀ। ਮੋਨੂੰ ਦੇ ਪਿਤਾ ਘਰ ਵਿੱਚ ਸਨ। ਉਹ ਮਾਂ-ਬੇਟੇ ਦੀ ਗੱਲ ਸੁਣ ਰਹੇ ਸਨ। ਘਰ ਤੋਂ ਨਿਕਲ ਕੇ ਵਿਹੜੇ ਵਿੱਚ ਆ ਗਏ।

''ਹੁਣ ਚਿੜੀਆਂ ਕਦੇ ਨਹੀਂ ਆਉਣਗੀਆਂ।'' ਮੋਨੂੰ ਦੇ ਪਿਤਾ ਨੇ ਕਿਹਾ, ''ਹੁਣ ਗਲਹਿਰੀ ਵੀ ਸ਼ਾਇਦ ਵਿਖਾਈ ਨਾ ਦੇਵੇ।''

''ਪਰ ਕਿਉਂ?'' ਮੋਨੂੰ ਨੇ ਪੁੱਛਿਆ, ''ਪਾਪਾ ਆਖਿਰ ਉਹ ਵਿਹੜੇ ਵਿੱਚ ਕਿਉਂ ਨਹੀਂ ਆਉਣਗੇ?''

ਮੋਨੂੰ ਦੇ ਘਰ ਦੇ ਨਾਲ ਬੋਹੜ ਦਾ ਇੱਕ ਰੁੱਖ

ਸੀ। ਵੱਡਾ ਅਤੇ ਬੁੱਢਾ ਜਿਹਾ ਉਹ ਰੁੱਖ ਦੂਰ-ਦੁਰਾਡੇ ਤਕ ਪਛਾਣਿਆ ਜਾਂਦਾ ਸੀ। ਉਸ ਵਿਸ਼ਾਲ ਰੁੱਖ ਤੇ ਅਨੇਕਾਂ ਚਿੜੀਆਂ ਦਾ ਬਸੇਰਾ ਸੀ। ਘੁੱਗੀਆਂ, ਮੈਨਾ ਤਾਂ ਰਹਿੰਦੀਆਂ ਹੀ ਸਨ, ਉਥੇ ਕਾਂ ਅਤੇ ਬਗਲੇ ਵੀ ਰਹਿੰਦੇ ਸਨ। ਉਹ ਬੋਹੜ, ਚੀਲ ਅਤੇ ਗਿੱਧ ਵਰਗੇ ਵੱਡੇ ਪੰਛੀਆਂ ਦਾ ਬਸੇਰਾ ਸੀ ਹੀ, ਗਲਹਿਰੀਆਂ ਵੀ ਉਸ ਤੇ ਰਹਿੰਦੀਆਂ ਸਨ। ਵੱਡਾ ਸਾਰਾ ਉਹ ਬੋਹੜ ਛੋਟੇ ਵੱਡੇ ਅਨੇਕਾਂ ਕੀਟ-ਪਤੰਗਿਆਂ ਦਾ ਘਰ ਬਣਿਆ ਹੋਇਆ ਸੀ।

ਕੀਟ, ਪਤੰਗਿਆਂ, ਪਸ਼ੂ-ਪੰਛੀਆਂ ਦੇ ਨਾਲ ਹੀ ਉਹ ਬੁੱਢਾ ਬੋਹੜ ਲੋਕਾਂ ਲਈ ਵੀ ਬੜਾ ਉਪਯੋਗੀ ਸੀ। ਰੁੱਖ ਦੇ ਹੇਠਾਂ ਇੱਕ ਚਬੂਤਰਾ ਬਣਿਆ ਹੋਇਆ ਸੀ। ਤੱਪਦੀ ਦੁਪਹਿਰ ਹੋਵੇ ਜਾਂ ਵਰਖਾ ਦੀ ਵਾਛੜ ਉਥੇ ਲੋਕ ਠਹਿਰ ਕੇ ਪਲਭਰ ਆਰਾਮ ਕਰਕੇ ਹੀ ਅੱਗੇ ਵੱਧਦੇ ਸਨ।

'ਇੱਕ ਦਿਨ ਵਿਚਾਰੇ ਉਸ ਬੋਹੜ ਤੇ ਕਿਸੇ ਦੀ ਗਿੱਧ ਦ੍ਰਿਸ਼ਟੀ ਪੈ ਗਈ। ਕੁੱਝ ਰੁਪਿਆਂ ਦੇ ਲਾਲਚ ਵਿੱਚ ਬੋਹੜ ਨੂੰ ਜ਼ਿੰਦਾ ਹੀ ਵੇਚ ਦਿੱਤਾ ਗਿਆ।'' ਮੋਨੂੰ ਦੇ ਪਾਪਾ ਨੇ ਦੱਸਿਆ, ''ਜਿਸ ਨੇ ਉਸ ਬੋਹੜ ਨੂੰ ਖ਼੍ਰੀਦਿਆ, ਉਸ ਨੂੰ ਬੋਹੜ ਦੀ ਹਰਿਆਲੀ ਨਾਲ ਕੋਈ ਮਤਲਬ ਨਹੀਂ ਸੀ, ਨਾ ਉਸ ਨੂੰ ਬੋਹੜ ਤੋਂ ਮਿਲਣ ਵਾਲੀ ਸ਼ੁਧ ਹਵਾ ਜਾਂ ਸੰਘਣੀ ਛਾਂ ਨਾਲ ਹੀ ਮਤਲਬ ਸੀ।''

''ਤਾਂ ਫਿਰ ਉਸ ਨੂੰ ਕਿਸ ਚੀਜ਼ ਨਾਲ ਮਤਲਬ ਸੀ?'' ਮੋਨੂੰ ਨੇ ਪੁੱਛਿਆ।

'ਸਿਰਫ ਲੱਕੜੀ ਨਾਲ।' ਪਿਤਾ ਨੇ ਅੱਗੇ ਦੱਸਿਆ, ''ਮੋਨੂੰ! ਉਸ ਆਦਮੀ ਨੇ ਬੋਹੜ ਨੂੰ ਕੱਟਵਾ ਦਿੱਤਾ ਹੈ।''

ਮੋਨੂੰ ਦੌੜਦਾ ਹੋਇਆ ਕਟੇ ਹੋਏ ਬੋਹੜ ਦੇ ਕੋਲ ਗਿਆ। ਵਿਚਾਰਾ ਬੋਹੜ ਜ਼ਮੀਨ ਤੇ ਢੇਰ ਹੋਇਆ ਪਿਆ ਸੀ। ਕੁਝ ਮਜ਼ਦੂਰ ਉਸ ਤੇ ਜੋਰ-ਜੋਰ ਨਾਲ ਕੁਹਾੜੀਆਂ ਮਾਰ ਰਹੇ ਸਨ, ਉਥੋਂ ਸਫੈਦ-ਸਫੈਦ ਦੁੱਧ ਨਿਕਲ ਰਿਹਾ ਸੀ। ਬੋਹੜ ਨੂੰ ਵੇਖ ਕੇ ਲੱਗ ਰਿਹਾ ਸੀ ਕਿ ਕੋਈ ਵਿਸ਼ਾਲ, ਬੁੱਢਾ ਵਿਅਕਤੀ ਜ਼ਖਮੀ ਹੋ ਕੇ ਡਿਗ ਪਿਆ ਹੋਵੇ, ਉਸ ਦੀ ਦੇਹ ਤੋਂ ਇਥੋਂ-ਉਥੋਂ ਲਹੂ ਟਪਕ ਰਿਹਾ ਹੋਵੇ। ਮੋਨੂੰ ਨੂੰ ਲੱਗਿਆ ਕਿ ਬੋਹੜ ਕਰਾਹ ਰਿਹਾ ਹੈ।

ਬੋਹੜ ਕੱਟ ਜਾਣ ਨਾਲ ਉਸ ਤੇ ਰਹਿਣ ਵਾਲੇ ਪ੍ਰਾਣੀ ਬਹੁਤ ਦੁੱਖੀ ਸਨ। ਮੋਨੂੰ ਉਥੇ ਜ਼ਿਆਦਾ ਦੇਰ ਤਕ ਖੜਾ ਨਹੀਂ ਰਹਿ ਸਕਿਆ। ਉਦਾਸ ਮਨ ਨਾਲ ਉਥੋਂ ਘਰ ਆ ਗਿਆ। ਬੋਹੜ ਦੇ ਕੱਟ ਜਾਣ ਨਾਲ ਉਹ ਬਹੁਤ ਦੁੱਖੀ ਸੀ। ਇੱਕ ਸਵਾਲ ਲਗਾਤਾਰ ਉਸ ਦੇ ਦਿਮਾਗ ਵਿੱਚ ਘੁੰਮ ਰਿਹਾ ਸੀ ਕਿ ਕੋਈ ਰੁੱਖ ਕਿਉਂ ਕੱਟਦਾ ਹੈ? ਇਹੀ ਸਵਾਲ ਉਸ ਨੇ ਪਿਤਾ ਨੂੰ ਪੁੱਛਿਆ।

''ਰੁੱਖਾਂ ਤੋਂ ਅਨੇਕ ਲਾਭ ਹਨ। ਲੱਕੜੀ, ਚਾਰਾ, ਫਲ, ਫੁੱਲ, ਬੀਜ਼ ਆਦਿ ਰੁੱਖਾਂ ਤੋਂ ਹੀ ਮਿਲਦੇ ਹਨ।'' ਪਿਤਾ ਨੇ ਦੱਸਿਆ, ''ਲੇਕਿਨ ਰੁੱਖਾਂ ਨੂੰ ਵੱਢਣ ਨਾਲ ਸਾਨੂੰ ਇਹ ਲਾਭ ਮਿਲਣੇ ਬੰਦ ਹੋ ਜਾਂਦੇ ਹਨ। ਕਿਸੇ ਰੁੱਖ ਨੂੰ ਕੱਟਣ ਨਾਲ ਸਾਨੂੰ ਸਿਰਫ ਇੱਕ ਵਾਰ ਹੀ



ਉਸ ਦਾ ਲਾਭ ਮਿਲਦਾ ਹੈ ਅਤੇ ਉਹ ਵੀ ਅੱਧਾ-ਅਧੂਰਾ। ਰੁੱਖਾਂ ਨਾਲ ਸਾਡਾ ਵਾਤਵਰਣ ਹਰਿਆ-ਭਰਿਆ ਬਣਿਆ ਰਹਿੰਦਾ ਹੈ। ਇਹ ਹਵਾ ਨੂੰ ਵੀ ਸਾਫ਼-ਸੁਥਰਾ ਬਣਾਈ ਰੱਖਦੇ ਹਨ। ਇਹ ਅੱਖਾਂ ਨੂੰ ਹਰਿਆਲੀ ਤਾਂ ਦਿੰਦੇ ਹੀ ਹਨ ਨਾਲ ਹੀ ਆਰਥਿਕ ਹਾਲਤ ਨੂੰ ਵੀ ਹਰਾ-ਭਰਿਆ ਕਰਕੇ ਇਹ ਪਰਿਵਾਰ-ਸਮਾਜ ਵਿੱਚ ਹਰਿਆਲੀ ਲਿਆ ਦਿੰਦੇ ਹਨ। ਇਹ ਸਾਡੇ ਵਾਤਾਵਰਣ ਦੇ ਮਹਾਨ ਰੱਖਿਅਕ ਹਨ।''

''ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ?'' ਮੋਨੂੰ ਦੀ ਜਿਗਿਆਸਾ ਵਧਦੀ ਜਾ ਰਹੀ ਸੀ।

ਪਾਪਾ ਨੇ ਉਸ ਨੂੰ ਦੱਸਣਾ ਸ਼ੁਰੂ ਕੀਤਾ। -''ਆਪਣੀ ਲੋੜ ਨੂੰ ਪੂਰਾ ਕਰਨ ਲਈ ਸਾਨੂੰ ਰੁੱਖ ਲਗਾਉਣੇ ਚਾਹੀਦੇ ਹਨ। ਆਪਣੀ ਧਰਤੀ ਤੇ ਆਪਣਾ ਜੰਗਲ।'' ਪਿਤਾ ਨੇ ਸਮਝਾਇਆ, ''ਬਹੁਤ ਸਾਰੇ ਲੋਕ ਆਪਣੀ ਧਰਤੀ ਤੇ ਰੁੱਖ ਲਗਾ ਰਹੇ ਹਨ। ਇਸ ਨਾਲ ਉਹ ਬਾਲਣ, ਲੱਕੜੀ, ਬੱਲੀਆਂ, ਚਾਰਾ, ਫਲ, ਤੇਲੀ ਬੀਜ਼ ਆਦਿ ਲਈ ਆਤਮਨਿਰਭਰ ਹੋ ਜਾਂਦੇ ਹਨ। ਕਾਗਜ ਦੇ ਕਾਰਖਾਨਿਆਂ ਵਿੱਚ ਵੀ ਰੁੱਖਾਂ ਦੀ ਖਪਤ ਹੁੰਦੀ ਹੈ। ਚੀੜ, ਯੂਕੇਲਿਪਟਸ, ਬਾਂਸ ਆਦਿ ਦੇ ਰੁੱਖ ਲਗਾਉਣ ਨਾਲ ਛੇਤੀ ਹੀ ਨਕਦ ਰਾਸ਼ੀ ਮਿਲ ਜਾਂਦੀ ਹੈ।''

ਮੋਨੂੰ ਨੇ ਰੁੱਖਾਂ ਬਾਰੇ ਸੁਣ ਰੱਖਿਆ ਸੀ ਪਰ ਰੁੱਖ ਜੰਗਲ, ਅਤੇ ਵਾਤਾਵਰਣ ਦੇ ਬਾਰੇ ਵਿੱਚ ਵਧੇਰੇ ਜਾਣਕਾਰੀ ਨਹੀਂ ਸੀ। ''ਪਾਪਾ! ਅੱਜ ਮੈਨੂੰ ਰੁੱਖ ਅਤੇ ਵਾਤਾਵਰਣ ਦੇ ਬਾਰੇ ਵਿੱਚ ਜਾਣ ਕੇ ਬਹੁਤ ਖੁਸ਼ੀ ਹੋਈ ਹੈ।''

''ਕਿਸੇ ਜਾਣਕਾਰੀ ਨਾਲ ਅਸਲੀ ਖੁਸ਼ੀ ਤਦ ਹੁੰਦੀ ਹੈ, ਜਦ ਉਸ ਦਾ ਲਾਭ ਲਿਆ ਜਾਏ।'' ਪਾਪਾ ਨੇ ਮੋਨੂੰ ਨੂੰ ਦੱਸਿਆ, ''ਤੂੰ ਰੁੱਖ ਅਤੇ ਵਾਤਾਵਰਣ ਤੋਂ ਮਿਲਣ ਵਾਲੇ ਲਾਭ ਬਾਰੇ ਜਾਣ ਚੁੱਕਾ ਹੈ। ਹੁਣ ਤੂੰ ਵੀ ਇਸ ਦਾ ਲਾਭ ਲੈ।''

ਮੋਨੂੰ ਨੇ ਪ੍ਰਣ ਕੀਤਾ, ''ਜ਼ਰੂਰ! ਮੈਂ ਹਰ ਵਰਖਾ ਰੁੱਤ ਵਿੱਚ ਘੱਟੋ-ਘੱਟ ਦਸ ਪੌਦੇ ਜ਼ਰੂਰ ਲਗਾਊਂਗਾ ਅਤੇ ਵਾਤਾਵਰਣ ਨੂੰ ਬਚਾਉਣ ਵਿੱਚ ਮਦਦ ਕਰਾਂਗਾ।''

ਸਕੂਲ ਅਤੇ ਪਿੰਡ ਦੇ ਅਨੇਕ ਬੱਚਿਆਂ ਨੇ ਮੋਨੂੰ ਦੀ ਦੇਖਾ-ਦੇਖੀ ਪੌਦੇ ਲਗਾਉਣੇ ਸ਼ੁਰੂ ਕਰ ਦਿੱਤੇ। ■



ਬਾਲ ਕਵਿਤਾ

# ਬੁਲਬੁਲ

– ਮੀਨੂ ਸਿੰਘ

*ਕਿੰਨੀ ਪਿਆਰੀ ਬੁਲਬੁਲ ਲੱਗਦੀ,*
*ਸਿਰ ਤੇ ਉਸ ਦੇ ਜਟਾ ਹੈ ਜੱਚਦੀ।*

*ਗੋਲ-ਗੋਲ ਹਨ ਅੱਖਾਂ ਇਸ ਦੀਆਂ,*
*ਮੋਹਣੀ ਸੂਰਤ ਸਭ ਨੂੰ ਛਲਦੀ।*

*ਰੋਜ਼-ਰੋਜ਼ ਮੇਰੇ ਘਰ ਆਉਂਦੀ,*
*ਛੋਟੇ-ਛੋਟੇ ਖੰਭ ਹਿਲਾਉਂਦੀ।*

*ਨਿਤ ਨਵੇਂ ਕਾਰਨਾਮੇ ਵਿਖਾ ਕੇ,*
*ਬੱਚੇ-ਬੁੱਢੇ ਸਭ ਦੇ ਮਨਭਾਉਂਦੀ।*

*ਉਡਦੀ ਰਹਿੰਦੀ ਨੀਲ ਗਗਨ ਵਿੱਚ,*
*ਦਾਣਾ ਖਾਣ ਜ਼ਮੀਨ ਤੇ ਆਉਂਦੀ।*

*ਚੀਂ-ਚੀਂ ਦਾ ਸੰਗੀਤ ਸੁਣਾ ਕੇ,*
*ਫੁਰ-ਫੁਰ ਕਰਕੇ ਹੈ ਉਡ ਜਾਂਦੀ।*



# ਕੀ ਤੁਸੀਂ ਜਾਣਦੇ ਹੋ

- ਰਾਵਣ ਨੇ ਲੰਕਾ ਵਿਚ ਸੀਤਾ ਨੂੰ ਅਸ਼ੋਕ ਵਾਟਿਕਾ ਵਿਚ ਬੰਧਕ ਬਣਾ ਕੇ ਰੱਖਿਆ ਸੀ।
- ਭਾਰਤ ਦਾ ਸਭ ਤੋਂ ਉਚੱਾ ਬੰਨ ਭਾਖੜਾ ਨੰਗਲ ਹੈ।
- ਬਾਬਾ ਅਵਤਾਰ ਸਿੰਘ ਜੀ ਨੂੰ ਯੁਗਪੁਰਸ਼ ਅਤੇ ਸ਼ਹਿਨਸ਼ਾਹ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।
- ਸੁਆਮੀ ਦਯਾਨੰਦ ਸਰਸਵਤੀ ਨੇ ਆਰੀਆ ਸਮਾਜ ਦੀ ਸਥਾਪਨਾ ਕੀਤੀ ਸੀ।
- ਭਾਰਤ ਦੇ ਪਹਿਲੇ ਵਿਗਿਆਨਕ ਰਾਸ਼ਟਰਪਤੀ ਏ.ਪੀ.ਜੇ ਅਬਦੁਲ ਕਲਾਮ ਸਨ।
- ਸੰਨ 1962 ਵਿਚ ਚੀਨ ਨੇ ਭਾਰਤ ਤੇ ਹਮਲਾ ਕੀਤਾ ਸੀ।
- ਅਰਜੁਨ ਦੇ ਧਨੁਸ਼ ਦਾ ਨਾਂ ਗਾਂਡੀਵ ਸੀ।
- ਜੁਲਾਈ 2011 ਵਿਚ ਪੰਜਾਬ ਦੇ ਪਠਾਨਕੋਟ ਅਤੇ ਫਾਜਿਲਕਾ ਦੋ ਨਵੇਂ ਜਿਲੇ ਬਣਾਏ ਗਏ।
- ਭਾਰਤ ਦੇ ਗਵਾਂਢੀ ਬੰਗਲਾਦੇਸ਼ ਦੀ ਪ੍ਰਧਾਨਮੰਤਰੀ ਦਾ ਨਾਮ ਸ਼ੇਖ ਹਸੀਨਾ ਹੈ।
- ਸਾਇਬੇਰੀਆ ਦੀ ਬੈਕਾਲ ਝੀਲ ਵਿਸ਼ਵ ਦੀ ਸਭ ਤੋਂ ਡੂੰਘੀ ਝੀਲ ਹੈ।
- ਅਮਰੀਕਾ ਦੇ ਰਾਸ਼ਟਰਪਤੀ ਇਬਰਾਹੀਮ ਲਿੰਕਨ ਦਾ ਵਾਕ 'ਜਨਤਾ ਕੀ ਸਰਕਾਰ, ਜਨਤਾ ਕੇ ਦੁਆਰਾ, ਜਨਤਾ ਕੇ ਲੀਏ' ਅੱਜ ਵੀ ਆਦਰਸ਼ ਲੋਕਤੰਤਰ ਦਾ ਸੂਤਰ ਹੈ।
- ਜਨਵਰੀ ਮਹੀਨੇ ਦੀ 26 ਤਰੀਕ ਨੂੰ 'ਗਣਤੰਤਰ ਦਿਵਸ' ਦੇ ਰੂਪ ਵਿਚ ਮਨਾਇਆ ਜਾਂਦਾ ਹੈ।
- ਭਾਰਤ ਵਿਚ ਬਾਲ ਸੰਗਤਾਂ ਦਾ ਕੰਟਰੋਲ ਚੰਡੀਗੜ ਤੋਂ ਹੁੰਦਾ ਹੈ।
- ਪੁਰਾਣਾਂ ਦੀ ਗਿਣਤੀ ਅਠਾਰ੍ਹਾਂ ਹੈ।
- ਵਿਸ਼ਵ ਦੀ ਪਹਿਲੀ ਯੂਨੀਵਰਸਿਟੀ ਤਕਸ਼ਿਲਾ ਯੂਨੀਵਰਸਿਟੀ ਸੀ। ਇਸ ਦੀ ਸਥਾਪਨਾ 700 ਈ.ਪੂ. ਵਿੱਚ ਕੀਤੀ ਗਈ।
- ਜ਼ਿਰਾਫ ਜੀਭ ਨਾਲ ਆਪਣੇ ਕੰਨ ਸਾਫ਼ ਕਰ ਸਕਦਾ ਹੈ।
- ਜੇਬਰਾ ਦੀਆਂ ਧਾਰੀਆਂ ਕਦੇ ਇਕੋ ਜਿਹੀਆਂ ਨਹੀਂ ਹੋ ਸਕਦੀਆਂ। ਅਰਥਾਤ ਹਰ ਜੇਬਰਾ ਤੇ ਧਾਰੀਆਂ ਵਿੱਚ ਭਿੰਨਤਾ ਮਿਲੇਗੀ।
- ਸਾਊਦੀ ਅਰਬ ਵਿੱਚ ਇਕ ਵੀ ਨਦੀ ਨਹੀਂ ਹੈ।

ਪੇਸ਼ਕਸ਼ : ਵਿਭਾ ਵਰਮਾ

# ਕਿਥੋਂ ਆਉਂਦੇ ਹਨ ਆਸਮਾਨ ਵਿੱਚ ਐਨੇ ਰੰਗ?

– ਅਰਚਨਾ

ਦੋਸਤੋ! ਤੁਸੀਂ ਵਰਖਾ ਦੇ ਮੌਸਮ ਵਿੱਚ ਰੰਗ-ਬਿਰੰਗੀ 'ਸਤਰੰਗੀ ਪੀਂਘ ਤਾਂ ਜ਼ਰੂਰ ਵੇਖੀ ਹੋਵੇਗੀ। ਲੇਕਿਨ ਤੁਸੀਂ ਕਦੇ ਇਹ ਸੋਚਿਆ ਹੈ ਕਿ ਇਹ ਆਸਮਾਨ ਵਿੱਚ ਬਣਦੀ ਕਿਵੇਂ ਹੈ? ਕਿਥੋਂ ਅਸਮਾਨ ਵਿੱਚ ਐਨੇ ਰੰਗ ਆਉਂਦੇ ਹਨ, ਜੋ ਦੂਰ-ਦੂਰ ਤਕ ਇੰਦਰਧਨੁਸ਼ ਦੀ ਪੱਟੀ ਬਣਾਉਂਦੇ ਹਨ? ਆਉ, ਰਿਮਝਿਮ ਦੇ ਇਸ ਮੌਸਮ ਵਿੱਚ ਤੁਹਾਨੂੰ ਦੱਸਦੇ ਹਾਂ – 'ਇੰਦਰਧਨੁਸ਼' ਬਣਦਾ ਕਿਵੇਂ ਹੈ?

ਵਰਖਾ ਦੇ ਮੌਸਮ ਵਿੱਚ ਆਸਮਾਨ ਵਿੱਚ ਪਾਣੀ ਦੀਆਂ ਛੋਟੀਆਂ-ਛੋਟੀਆਂ ਬੂੰਦਾਂ ਮੌਜੂਦ ਰਹਿੰਦੀਆਂ ਹਨ। ਪਾਣੀ ਦੀਆਂ ਇਹਨਾਂ ਬੂੰਦਾਂ ਵਿੱਚੋਂ ਜਦ ਸੂਰਜ ਦੀਆਂ ਸਫੈਦ ਕਿਰਣਾ ਗੁਜਰਦੀਆਂ ਹਨ ਤਾਂ ਉਹ ਸੱਤ ਰੰਗਾਂ ਵਿੱਚ ਵੰਡ ਜਾਂਦੀਆਂ ਹਨ। ਹਾਂ, ਜਦ ਸਫੈਦ ਕਿਰਣਾਂ ਵਿਸ਼ਾਲ ਰੂਪ ਵਿੱਚ ਸਤਿਰੰਗੀ ਕਿਰਣਾਂ ਵਿੱਚ ਟੁੱਟਦੀਆਂ ਹਨ ਤਾਂ ਉਹ ਸਾਨੂੰ ਆਸਮਾਨ ਦਾ ਸਤਰੰਗਾ ਹਾਰ ਅਰਥਾਤ ਇੰਦਰਧਨੁਸ਼ ਦੇ ਰੂਪ ਵਿੱਚ ਦਿਖਾਈ ਦਿੰਦਾ ਹੈ।

ਇਹ ਇੱਕ ਹੈਰਾਨੀ ਦੀ ਗੱਲ ਹੈ – ਇੰਦਰਧਨੁਸ਼ ਹਮੇਸ਼ਾਂ ਸੂਰਜ ਦੀ ਉਲਟ ਦਿਸ਼ਾ ਵਿੱਚ ਹੀ ਦਿਖਾਈ ਦਿੰਦਾ ਹੈ। ਇਹਨਾਂ ਵਿੱਚ ਦਿਖਾਈ ਦੇਣ ਵਾਲੇ ਸੱਤ ਰੰਗ ਲੜੀਵਾਰ ਹੁੰਦੇ ਹਨ। ਪਹਿਲਾ ਬੈਂਗਣੀ, ਨੀਲਾ, ਆਸਮਾਨੀ, ਹਰਾ, ਪੀਲਾ, ਨਾਰੰਗੀ ਅਤੇ ਅੰਤ ਵਿੱਚ ਲਾਲ।

ਵਰਖਾ ਦੇ ਦਿਨਾਂ ਵਿੱਚ ਜਦ ਆਸਮਾਨ ਵਿੱਚ ਇੰਦਰਧਨੁਸ਼ ਦਾ ਹਸੀਨ ਨਜ਼ਾਰਾ ਦਿਖਾਈ ਦਿੰਦਾ ਹੈ ਤਾਂ ਇਸ ਨੂੰ ਆਪਣੇ ਘਰ ਦੀ ਉਚੀ ਛੱਤ ਤੋਂ ਨਿਹਾਰੋ। ਲੋਕ-ਜੀਵਨ ਵਿੱਚ ਅਜਿਹੀ ਧਾਰਣਾ ਹੈ ਕਿ ਇੰਦਰਧਨੁਸ਼ ਨਿਹਾਰਣ ਨਾਲ ਅੱਖਾਂ ਦੀ ਰੋਸ਼ਨੀ ਵਿੱਚ ਵਾਧਾ ਹੁੰਦਾ ਹੈ ਅਤੇ ਯਾਦ ਸ਼ਕਤੀ ਤੇਜ਼ ਹੁੰਦੀ ਹੈ।

ਅਫਰੀਕਾ ਦੀ ਧਰਤੀ ਤੇ ਇੱਕ ਪੌਦਾ ਅਜਿਹਾ ਵੀ ਹੈ ਜਿਸ ਤੇ ਇੰਦਰਧਨੁਸ਼ ਦੀ ਆਕ੍ਰਿਤੀ ਦਾ ਫੁੱਲ ਖਿੜਦਾ ਹੈ ਅਤੇ ਫੁੱਲ ਵਿੱਚ ਇੰਦਰਧਨੁਸ਼ ਦੀ ਤਰ੍ਹਾਂ ਸੁੰਦਰ-ਸੁੰਦਰ ਰੰਗਾਂ ਦੀ ਰਚਨਾ ਹੁੰਦੀ ਹੈ। ਇਸ ਫੁੱਲ ਨੂੰ ਵਿਗਿਆਨਕ ਭਾਸ਼ਾ ਵਿੱਚ 'ਰੇਨਬੋ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਫੁੱਲ ਵਿੱਚ ਮਨਮੋਹਕ ਭਿੰਨੀ-ਭਿੰਨੀ ਖੁਸ਼ਬੂ ਵੀ ਹੁੰਦੀ ਹੈ। ਇਹ ਫੁੱਲ ਅਕਸਰ ਜੁਲਾਈ ਤੋਂ ਸਤੰਬਰ ਦੇ ਵਿਚਕਾਰ ਹੀ ਖਿੜਦਾ ਹੈ ਅਤੇ ਇਹ ਵੀ ਜਾਣ ਲਉ ਜਿਥੇ ਦੂਰ-ਦੂਰ ਤਕ ਹਰੇ-ਭਰੇ ਘਣੇ ਜੰਗਲ ਫੈਲੇ ਹੁੰਦੇ ਹਨ ਉਥੋਂ ਦੇ ਆਸਮਾਨ ਵਿੱਚ ਛੋਟੇ-ਛੋਟੇ ਹਰੇ ਰੰਗ ਦੇ ਇੰਦਰਧਨੁਸ਼ ਕੁਦਰਤੀ ਬਣਦੇ ਹਨ। ਇਹਨਾਂ ਇੰਦਰਧਨੁਸ਼ਾਂ ਨੂੰ ਕਈ ਸਥਾਨਾਂ ਤੇ 'ਇੰਦਰਦੇਵ' ਦੇ ਰੁੱਖ-ਪੌਦਿਆਂ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਇੰਦਰਧਨੁਸ਼ ਸਾਨੂੰ ਇਹ ਸਿਖਿਆ ਦਿੰਦਾ ਹੈ – ਆਪਣੇ ਜੀਵਨ ਵਿੱਚ ਸੱਤ ਰੰਗ ਭਰੋ ਅਤੇ ਜੀਵਨ ਵਿੱਚ ਖੁਸ਼ੀਆਂ ਦੇ ਸੱਤ ਰੰਗ ਵੰਡੋ। ▪



# ਕਾਂ ਦੀ ਸਮਝਦਾਰੀ

– ਪ੍ਰਭਜੋਤ ਕੌਰ

ਕੱਲ ਐਤਵਾਰ ਸੀ। ਸਕੂਲ ਵਿੱਚ ਛੁੱਟੀ ਸੀ। ਰਮੇਸ਼ ਬਗੀਚੇ ਵਿੱਚ ਬੈਠਾ ਕਿਤਾਬ ਪੜ੍ਹ ਰਿਹਾ ਸੀ। ਬਾਗ ਵਿੱਚ ਫੁੱਲ ਖਿੜੇ ਸਨ ਅਤੇ ਮਿੱਠੀ ਮਹਿਕ ਆ ਰਹੀ ਸੀ। ਚਿੜੀਆਂ ਚਹਿਕ ਰਹੀਆਂ ਸਨ ਅਤੇ ਇੱਕ ਰੁੱਖ ਤੋਂ ਦੂਸਰੇ ਰੁੱਖ ਤੇ ਉਡ-ਉਡ ਕੇ ਬਹਿ ਰਹੀਆਂ ਸਨ।

ਰਮੇਸ਼ ਨੇ ਵੇਖਿਆ ਕਿ ਉਸ ਦੇ ਸਾਹਮਣੇ ਇੱਕ ਚਿੜਾ ਆਇਆ ਹੈ ਅਤੇ ਉਸ ਦੀ ਚੁੰਝ ਵਿੱਚ ਰੋਟੀ ਦਾ ਇੱਕ ਟੁਕੜਾ ਹੈ। ਚਿੜਾ ਰੋਟੀ ਦੇ ਟੁਕੜੇ ਨੂੰ ਤੋੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਪੂਰੀ ਕੋਸ਼ਿਸ਼ ਕਰ ਰਿਹਾ ਹੈ, ਪਰ ਰੋਟੀ ਦਾ ਟੁਕੜਾ ਟੁੱਟਦਾ ਨਹੀਂ ਹੈ; ਕਿਉਂਕਿ ਰੋਟੀ ਦਾ ਟੁਕੜਾ ਸੁੱਕਾ ਅਤੇ ਸਖਤ ਹੈ। ਉਹ ਰੋਟੀ ਦੇ ਟੁਕੜੇ ਨੂੰ ਮੋੜਨ ਲਈ ਜ਼ਮੀਨ ਦੇ ਨਾਲ ਠੋਕਰਾਂ ਲਗਾਉਂਦਾ ਹੈ ਪ੍ਰੰਤੂ ਟੁਕੜਾ ਟਸ ਤੋਂ ਮਸ ਨਹੀਂ ਹੁੰਦਾ ਹੈ। ਆਖਿਰ ਥੱਕਹਾਰ ਕੇ ਰੋਟੀ ਦੇ ਟੁਕੜੇ ਨੂੰ ਉਥੇ ਛੱਡ ਕੇ ਚਿੜਾ ਫੁਰ ਕਰਕੇ ਉਡ ਜਾਂਦਾ ਹੈ।

ਐਨੇ ਨੂੰ ਇੱਕ ਮੈਨਾ ਉਥੇ ਆਈ। ਉਹ ਵੀ ਰੋਟੀ ਦੇ ਟੁਕੜੇ ਨੂੰ ਆਪਣੀ ਚੁੰਝ ਵਿੱਚ ਲੈ ਕੇ ਖਾਣ ਦੀ ਕੋਸ਼ਿਸ਼ ਕਰਦੀ ਹੈ, ਪਰ ਰੋਟੀ ਦਾ ਟੁਕੜਾ ਟੁੱਟਦਾ ਨਹੀਂ ਹੈ। ਉਹ ਪੱਥਰ ਤੇ ਜਾ ਕੇ ਬੈਠੀ ਅਤੇ ਰੋਟੀ ਦੇ ਟੁਕੜੇ ਨੂੰ ਪੱਥਰ ਨਾਲ ਰਗੜਦੀ ਹੈ ਲੇਕਿਨ ਰੋਟੀ ਦਾ ਟੁਕੜਾ ਟੁੱਟਣ ਦਾ ਨਾਂ ਨਹੀਂ ਲੈਂਦਾ। ਉਸ ਨੂੰ ਹੈਰਾਨੀ ਹੁੰਦੀ ਹੈ –

'ਅਰੇ ਭਾਈ, ਕਮਾਲ ਹੈ! ਇਹ ਤਾਂ ਰੋਟੀ ਦਾ ਟੁਕੜਾ ਹੈ ਕਿ ਪੱਥਰ ਹੈ।' ਅਖੀਰ ਵਿੱਚ ਥੱਕਹਾਰ ਕੇ ਉਹ ਵੀ ਉਡ ਜਾਂਦੀ ਹੈ।

ਰੁੱਖ ਤੇ ਬੈਠਾ ਇੱਕ ਕਾਂ ਇਹ ਸਭ ਕੁੱਝ ਵੇਖ ਰਿਹਾ ਸੀ। ਉਡ ਕੇ ਉਹ ਰੁੱਖ ਤੋਂ ਹੇਠਾਂ ਆਇਆ, ਅਤੇ ਰੋਟੀ ਦੇ ਉਸ ਟੁਕੜੇ ਨੂੰ ਆਪਣੀ ਚੁੰਝ ਵਿੱਚ ਲੈ ਲਿਆ। ਫਿਰ ਉਸ ਨੇ ਟੁਕੜੇ ਨੂੰ ਖੁਰਚਿਆ, ਜ਼ਮੀਨ ਤੇ ਰਗੜਿਆ ਪਰ ਟੁਕੜਾ ਨਾ ਟੁੱਟਾ।

ਹੁਣ? ਉਹ ਅਚਾਨਕ ਬੋਲਿਆ।

ਕਾਂ ਨੇ ਇੱਧਰ-ਉਧਰ ਵੇਖਿਆ। ਦੂਰ ਪਾਣੀ ਦਾ ਘੜਾ ਸੀ। ਉਡਦਾ ਹੋਇਆ ਉਹ ਘੜੇ ਦੇ ਕੋਲ ਪਹੁੰਚ ਗਿਆ। ਰੋਟੀ ਦਾ ਟੁਕੜਾ ਲੈ ਕੇ ਉਸ ਨੂੰ ਉਸ ਨੇ ਪਾਣੀ ਵਿੱਚ ਡਿਬੋਇਆ। ਫਿਰ ਵੇਖਿਆ ਟੁਕੜਾ ਥੋੜਾ ਨਰਮ ਹੋਇਆ। ਇਹ ਵੇਖ ਕੇ ਉਸ ਦਾ ਉਤਸਾਹ ਵੱਧ ਗਿਆ। ਉਸ ਨੇ ਦੋਬਾਰਾ ਰੋਟੀ ਦੇ ਟੁਕੜੇ ਨੂੰ ਪਾਣੀ ਵਿੱਚ ਡਿਬੋਇਆ। ਹੁਣ ਰੋਟੀ ਦਾ ਟੁਕੜਾ ਰਬੜ ਵਾਂਗ ਢਿੱਲਾ ਹੋ ਗਿਆ ਸੀ। ਕਾਂ ਖੁਸ਼ ਹੋ ਰਿਹਾ ਸੀ। ਉਸ ਨੇ ਤੀਸਰੀ ਵਾਰ ਰੋਟੀ ਦੇ ਟੁਕੜੇ ਨੂੰ ਪਾਣੀ ਵਿੱਚ ਡਿਬੋਇਆ। ਹੁਣ ਰੋਟੀ ਦਾ ਟੁਕੜਾ ਬਿਲਕੁਲ ਨਰਮ ਹੋ ਗਿਆ ਸੀ। ਕਾਂ ਨੇ ਟੁਕੜੇ ਨੂੰ ਆਪਣੇ ਪੈਰ ਹੇਠਾਂ ਦਬਾਇਆ ਅਤੇ ਚੁੰਝਾਂ ਮਾਰ ਕੇ ਖਾਣ ਲੱਗਾ। ਰੋਟੀ ਦਾ ਟੁਕੜਾ ਆਸਾਨੀ ਨਾਲ ਟੁੱਟ ਰਿਹਾ ਸੀ ਅਤੇ ਕਾਂ ਮਜੇ ਨਾਲ ਉਸ ਨੂੰ ਖਾ ਰਿਹਾ ਸੀ। ਟੁਕੜਾ ਜਦ ਪੂਰਾ ਖਤਮ ਹੋ ਗਿਆ ਤਦ ਉਹ ਘੜੇ ਦੇ ਕੋਲ ਗਿਆ ਅਤੇ ਪਾਣੀ ਪੀਤਾ। ਫਿਰ ਆਨੰਦ ਨਾਲ ਕਾਂ-ਕਾਂ ਕਰਦਾ ਉਡ ਗਿਆ।

ਰਮੇਸ਼ ਆਪਣੇ ਮਨ ਵਿੱਚ ਕਾਂ ਦੀ ਸਮਝਦਾਰੀ ਦੀ ਤਾਰੀਫ ਕਰਦਾ ਹੋਇਆ ਘਰ ਵੱਲ ਚਲ ਪਿਆ। ਘਰ ਆ ਕੇ ਉਸ ਨੇ ਕਾਂ ਦੀ ਇਹ ਕਹਾਣੀ ਆਪਣੀ ਛੋਟੀ ਭੈਣ ਪਿੰਕੀ ਨੂੰ ਸੁਣਾਈ। ▪



**ਬਾਲ ਕਵਿਤਾ**

# ਚਿੜੀ

*ਵਿਹੜੇ ਵਿੱਚ ਸੀ ਆਉਂਦੀ ਚਿੜੀ,*
*ਮਨ ਨੂੰ ਬੜੀ ਭਾਉਂਦੀ ਚਿੜੀ।*

*ਦਾਣਾ-ਦੁਣਕਾ ਚੁੰਝ ਵਿੱਚ ਭਰ ਕੇ,*
*ਝਟਪਟ ਹੀ ਉਡੱ ਜਾਂਦੀ ਚਿੜੀ।*
*ਮਿੱਟੀ ਵਿੱਚ ਉਹ ਖੂਬ ਨਹਾਉਂਦੀ,*
*ਵਰਖਾ ਸੰਦੇਸ਼ਾ ਲਿਆਉਂਦੀ ਚਿੜੀ।*

*ਵੇਖ ਕੇ ਮੁਖ ਸ਼ੀਸ਼ੇ ਵਿੱਚ ਆਪਣਾ,*
*ਆਪਣੇ ਨਾਲ ਲੜ ਜਾਂਦੀ ਚਿੜੀ।*
*ਕਮਰੇ ਦੇ ਕੋਨੇ ਵਿੱਚ ਅਕਸਰ,*
*ਬਣਾ ਕੇ ਆਲ੍ਹਣਾ ਰਹਿੰਦੀ ਚਿੜੀ।*

*ਬਿੱਲੀ ਨੂੰ ਆਉਂਦੇ ਵੇਖੇ ਤਾਂ,*
*ਡਰ ਕੇ ਹੈ ਲੁਕ ਜਾਂਦੀ ਚਿੜੀ।*
*ਚੀਂ-ਚੀਂ ਦਾ ਸ਼ੋਰ ਮਚਾ ਕੇ,*
*ਸਾਨੂੰ ਵੀ ਜਗਾ ਜਾਂਦੀ ਚਿੜੀ।*

– ਮਹਿੰਦਰ ਕੁਮਾਰ



# ਚਿੱਟੇ ਬੱਦਲ ਅਤੇ ਲਾਪਰਵਾਹ ਬੰਟੀ

– ਅਮਰਜੀਤ ਸਿੰਘ 'ਅਮਰ'

ਰੂੰ ਵਰਗੇ ਚਿੱਟੇ ਬੱਦਲ ਨੇ ਖਿੜਕੀ ਵਿੱਚੋਂ ਝਾਕ ਕੇ ਵੇਖਿਆ। ਬੰਟੀ ਆਪਣੇ ਪਲੰਘ ਤੇ ਗੁੰਮਸੁੰਮ ਬੈਠਾ ਹੋਇਆ ਸੀ। ਬੱਦਲ ਨੂੰ ਚੰਗਾ ਨਹੀਂ ਲੱਗਾ। ਉਸ ਨੇ ਬੰਟੀ ਨੂੰ ਪੁਕਾਰਿਆ, 'ਉਦਾਸ ਕਿਉਂ ਹੋ ਬੰਟੀ?'

ਬੰਟੀ ਨੇ ਗਰਦਨ ਘੁੰਮਾ ਕੇ ਚਾਰੇ ਪਾਸੇ ਵੇਖਿਆ ਲੇਕਿਨ ਉਥੇ ਤਾਂ ਕੋਈ ਵੀ ਨਹੀਂ ਸੀ। ਬੱਦਲ ਨੇ ਫਿਰ ਆਵਾਜ਼ ਮਾਰੀ, 'ਇਧਰ ਵੇਖੋ, ਖਿੜਕੀ ਦੇ ਬਾਹਰ ਉਪਰ ਵੱਲ। ਮੈਂ ਹਾਂ ਬੱਦਲ, ਤੇਰਾ ਦੋਸਤ।'

ਇਸ ਵਾਰ ਬੰਟੀ ਨੇ ਖਿੜਕੀ ਤੋਂ ਝਾਕ ਕੇ ਆਸਾਮਾਨ ਵੱਲ ਵੇਖਿਆ। ਇੱਕ ਚਿੱਟਾ ਬੱਦਲ ਮੁਸਕਰਾ ਰਿਹਾ ਸੀ। ਬੰਟੀ ਨੇ ਬੱਦਲ ਨੂੰ 'ਗੁਡ ਮਾਰਨਿੰਗ ਕੀਤੀ।

'ਮਾਰਨਿੰਗ।' ਬੱਦਲ ਨੇ ਮੁੜ ਕੇ ਜਵਾਬ ਦਿੱਤਾ। ਤਦ ਬੱਦਲ ਦੇ ਮੱਥੇ ਤੇ ਚਿੰਤਾ ਦੀਆਂ ਲਕੀਰਾਂ ਉਭਰ ਆਈਆਂ। ਬੰਟੀ ਸੋਚ ਵਿੱਚ ਪੈ ਗਿਆ। ਉਸ ਨੇ ਬੱਦਲ ਤੋਂ ਪੁੱਛਿਆ, ਤੂੰ ਠੀਕ ਹੈ ਨਾ?''

'ਹਾਂ। ਲੇਕਿਨ ਇੱਕ ਦੁੱਖ ਮੇਰੇ ਤਨ ਨੂੰ ਖੋਖਲਾ ਕਰੀ ਜਾ ਰਿਹਾ ਹੈ।' ਬੱਦਲ ਨੇ ਜਵਾਬ ਦਿੱਤਾ।

'ਕਿਹੜਾ ਦੁੱਖ?' ਬੰਟੀ ਨੇ ਉਤਸੁਕਤਾ ਨਾਲ ਪੁੱਛਿਆ।

'ਤੇਰੀ ਲਾਪਰਵਾਹੀ ਦਾ ਦੁੱਖ। ਕੀ ਤੈਨੂੰ ਯਾਦ ਹੈ ਕਿ ਕੱਲ ਤੂੰ ਕੀ-ਕੀ ਕੀਤਾ ਸੀ? ਦਾਦਾ ਜੀ ਦੀ ਐਨਕ ਚੁੱਕ ਕੇ ਪਤਾ ਨਹੀਂ ਤੂੰ ਕਿਥੇ ਰੱਖ ਦਿੱਤੀ, ਜਿਸ ਦੀ ਵਜ੍ਹਾ ਨਾਲ ਉਹਨਾਂ ਨੂੰ ਬਹੁਤ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਫਿਰ, ਮਾਂ ਦੀ ਸਾੜੀ ਨੂੰ ਪੁਰਾਣੇ ਕਪੜਿਆਂ ਦੇ ਢੇਰ ਵਿੱਚ ਲੁਕਾ ਦਿੱਤਾ ਅਤੇ ਹਾਂ, ਭੈਣ ਦੀ ਨੋਟਬੁੱਕ ਵੀ ਤਾਂ

ਸ਼ੈਲਫ ਤੋਂ ਕੱਢ ਕੇ ਬੈਡਰੂਮ ਵਿੱਚ ਰੱਖ ਦਿੱਤੀ। ਦਾਦਾ ਜੀ, ਮੰਮੀ ਅਤੇ ਭੈਣ ਤਿੰਨੋਂ ਦੇ ਤਿੰਨੋਂ ਮਨ ਮਸੋਸਕੇ ਰਹਿ ਗਏ ਸਨ ਸਚਮੁੱਚ ਤੇਰੀ ਇਸ ਲਾਪਰਵਾਹੀ ਦੇ ਕਾਰਣ।' ਬੱਦਲ ਬੋਲਿਆ।

'ਤਾਂ ਕੀ ਕਰਾਂ ਮੈਂ? ਮੈਨੂੰ ਸਜਾ ਦੇ ਦੇਵੋ।' ਬੰਟੀ ਰੋਣਹਾਕੇ ਸੁਰ ਵਿੱਚ ਬੋਲਿਆ।

ਸਜਾ ਨਹੀਂ ਬਲਕਿ ਸੁਧਾਰ ਦਾ ਮੌਕਾ ਦਿੰਦਾ ਹਾਂ ਤੈਨੂੰ। ਨਾਲ ਹੀ ਨਾਲ ਮੈਂ ਤੇਰੀਆਂ ਹਰਕਤਾਂ ਤੇ ਨਿਗਰਾਨੀ ਵੀ ਰੱਖਾਂਗਾ।' ਬੱਦਲ ਨੇ ਚੇਤਾਵਨੀ ਭਰੇ ਲਹਿਜੇ ਵਿੱਚ ਆਪਣੀ ਗੱਲ ਕਹੀ।

'ਠੀਕ ਹੈ।' ਬੰਟੀ ਨੇ ਹਾਮੀ ਭਰੀ। ਫਿਰ ਬੰਟੀ ਨੇ ਬੱਦਲ ਤੋਂ ਕੁੱਝ ਜਾਣਕਾਰੀਆਂ ਮੰਗੀਆਂ।

'ਤੁਹਾਡੇ ਹੋਰ ਕਿਹੜੇ-ਕਿਹੜੇ ਨਾਮ ਹਨ ਬੱਦਲ ਜੀ?' ਬੰਟੀ ਨੇ ਪੁੱਛਿਆ।

'ਮੇਰੇ ਹੋਰ ਨਾਵਾਂ ਵਿੱਚ ਪ੍ਰਸਿੱਧ ਹਨ - ਮੇਘ, ਘਣ, ਜਲਧਰ, ਜਲਦ, ਵਾਰਿਦ, ਨੀਰਦ, ਪਯੋਦ, ਅੰਬੁਦ ਆਦਿ।' ਬੱਦਲ ਨੇ ਜਵਾਬ ਦਿੱਤਾ।

'ਤੇਰਾ ਨਿਰਮਾਣ ਕਿਵੇਂ ਹੁੰਦਾ ਹੈ?' ਬੰਟੀ ਨੇ ਅਗਲਾ ਸਵਾਲ ਕੀਤਾ।

ਜਵਾਬ ਵਿੱਚ ਬੱਦਲ ਬੋਲਿਆ, 'ਜਦ ਨਦੀ, ਤਾਲਾਬ, ਝੀਲ ਅਤੇ ਸਮੁੰਦਰ ਦਾ ਪਾਣੀ ਸੂਰਜ ਦੀ ਗਰਮੀ ਨਾਲ ਭਾਫ ਬਣ ਕੇ ਉਪਰ ਉਠਦਾ ਹੈ ਤਦ ਮੇਰਾ ਨਿਰਮਾਣ ਹੁੰਦਾ ਹੈ।'

ਇਹ ਸੁਣ ਕੇ ਬੰਟੀ ਦਾ ਦਿਲ ਖੁਸ਼ ਹੋਇਆ। ਲੇਕਿਨ ਕੁੱਝ ਜਿਗਿਆਸਾਵਾਂ ਤਾਂ ਅਜੇ ਵੀ ਉਸ ਦੇ ਮਨ ਵਿੱਚ ਮੌਜੂਦ ਸਨ।

ਬੰਟੀ ਨੇ ਫਿਰ ਪੁੱਛਿਆ, 'ਬੱਦਲ ਜੀ, ਤੁਹਾਡੇ ਕਿੰਨੇ ਰੂਪ ਹਨ?''

ਬੱਦਲ ਹੱਸਿਆ। ਫਿਰ ਬੋਲਿਆ, 'ਭਾਈ, ਮੈਂ ਤਾਂ ਬਹੁਰੂਪੀਆ ਹਾਂ। ਧਰਾਤਲ ਤੋਂ ਉਚਾਈ ਦੇ ਆਧਾਰ ਤੇ ਮੇਰੇ ਚਾਰ ਵਰਗ ਨਿਰਧਾਰਿਤ ਕੀਤੇ ਗਏ ਹਨ- ਉਚ ਮੇਘ, ਮੱਧ ਮੇਘ, ਹੇਠਲਾ ਮੇਘ ਅਤੇ ਲੰਬਕਾਰੀ ਵਿਕਾਸ ਵਾਲੇ ਮੇਘ। ਉਚ ਮੇਘ ਦੀ ਧਰਾਤਲ ਤੋਂ ਔਸਤ ਉਚਾਈ 5 ਤੋਂ 13 ਕਿਲੋਮੀਟਰ ਹੁੰਦੀ ਹੈ। ਜਦਕਿ ਮੱਧ ਮੇਘ ਦੀ 2 ਤੋਂ 7 ਕਿਲੋਮੀਟਰ। ਉਥੇ ਹੇਠਲੇ ਮੇਘ ਦੀ ਧਰਾਤਲ ਤੋਂ ਔਸਤ ਉਚਾਈ 0 ਤੋਂ 2 ਕਿਲੋਮੀਟਰ ਅਤੇ ਲੰਬਕਾਰੀ ਵਿਕਾਸ ਵਾਲੇ ਮੇਘ ਦੀ ਆਧਾਰ ਤੋਂ ਸਿਖਰ ਤਕ ਉਚਾਈ 18 ਕਿਲੋਮੀਟਰ ਰਹਿੰਦੀ ਹੈ।'





'ਵਾਹ, ਬਹੁਤ ਖੂਬ! ਪਰ ਮੇਰੇ ਮਨ ਵਿੱਚ ਇੱਕ ਉਤਸੁਕਤਾ ਹੋਰ ਹੈ?' ਬੰਟੀ ਨੇ ਬੱਦਲ ਨੂੰ ਕਿਹਾ।

'ਕਿਹੜੀ?' ਬੱਦਲ ਬੋਲਿਆ।

'ਤੁਸੀਂ ਹੇਠਾਂ ਧਰਤੀ ਤੇ ਕਿਉਂ ਨਹੀਂ ਡਿਗਦੇ ਹੋ?' ਬੰਟੀ ਨੇ ਸਵਾਲ ਕੀਤਾ।

'ਬੱਦਲ ਬੋਲਿਆ, 'ਸਾਡੇ ਸਰੀਰ ਵਿੱਚ ਪਾਣੀ ਦੇ ਵਾਸ਼ਪੀਕਰਣ ਦੇ ਕਾਰਣ ਗਰਮ ਹਵਾ ਭਰ ਜਾਂਦੀ ਹੈ ਜਿਸ ਨਾਲ ਅਸੀਂ ਜ਼ਮੀਨ ਤੇ ਨਾ ਡਿਗ ਕੇ ਹਵਾ ਵਿੱਚ ਹੀ ਉਡਦੇ ਰਹਿੰਦੇ ਹਾਂ। ਵਰਖਾ ਦੇ ਦੌਰਾਨ ਅਸੀਂ ਹੇਠਾਂ ਵੱਲ ਜ਼ਰੂਰ ਆਉਂਦੇ ਹਾਂ ਪ੍ਰੰਤੂ ਵਰਸਣ ਦੇ ਬਾਦ ਫਿਰ ਉਪਰ ਉਠ ਜਾਂਦੇ ਹਾਂ।'

'ਅਤੇ ਵਰਖਾ ਲਿਆਉਣ ਵਿੱਚ ਕਿਹੜੇ ਬੱਦਲ ਦੀ ਭੂਮਿਕਾ ਰਹਿੰਦੀ ਹੈ? ਇਹ ਵੀ ਤਾਂ ਦੱਸੋ।' ਬੰਟੀ ਨੇ ਪੁੱਛਿਆ।

'ਪੱਧਰੀ ਬੱਦਲ ਹੀ ਭੂਮੀ ਤੇ ਵਰਖਾ ਅਤੇ ਗੜੇ ਡੇਗਦੇ ਹਨ।' ਬੱਦਲ ਨੇ ਸਫਾਈ ਦਿੱਤੀ। ਐਨਾ ਕਹਿ ਕੇ ਬੱਦਲ ਓਝਲ ਹੋ ਗਿਆ।

ਬੰਟੀ ਬਿਸਤਰੇ ਤੋਂ ਉਠਿਆ। ਉਸ ਨੇ ਮਨ ਵਿੱਚ ਠਾਨੀ ਕਿ ਅੱਜ ਤੋਂ ਉਹ ਲਾਪਰਵਾਹੀ ਛੱਡ ਦਏਗਾ ਅਤੇ ਨੇਕ ਲੜਕਾ ਬਣ ਕੇ ਵਿਖਾਏਗਾ। ਉਹ ਦਾਦਾ ਜੀ ਦੇ ਕੋਲ ਪਹੁੰਚਾ ਅਤੇ ਉਹਨਾਂ ਦੇ ਚਰਨ ਛੂਹ ਕੇ ਅਸ਼ੀਰਵਾਦ ਲਿਆ।

ਦਾਦਾ ਜੀ ਸੈਰ ਕਰਨ ਜਾਣ ਵਾਲੇ ਸਨ। ਬੰਟੀ ਵੀ ਦਾਦਾ ਜੀ ਦੇ ਨਾਲ ਚਲ ਪਿਆ। ਉਹ ਅੱਗੇ ਵੱਧੇ। ਖੇਡ ਦੇ ਮੈਦਾਨ ਵਿੱਚ ਕੁੱਝ ਬੱਚੇ ਬੜੀ ਸਾਵਧਾਨੀ ਨਾਲ ਖੇਡ ਰਹੇ ਸਨ ਬਿਨਾ ਕਿਸੇ ਲਾਪਰਵਾਹੀ ਦੇ ਖੇਡ ਦਾ ਆਨੰਦ ਲੈਂਦੇ ਹੋਏ। ਬੰਟੀ ਨੂੰ ਉਹਨਾਂ ਤੋਂ ਸਬਕ ਮਿਲਿਆ। ਉਹ ਪਾਰਕ ਵਿੱਚ ਵੀ ਗਏ। ਪਾਰਕ ਵਿੱਚ ਮਾਲੀ ਪੂਰਾ ਮਨ ਲਗਾ ਕੇ ਪੌਦਿਆਂ ਨੂੰ ਪਾਣੀ ਦੇ ਰਿਹਾ ਸੀ। ਇੱਕ ਘੰਟੇ ਦੇ ਬਾਦ ਬੰਟੀ ਦਾਦਾ ਜੀ ਨਾਲ ਘਰ ਵਾਪਸ ਆ ਗਿਆ।

ਅੱਜ ਮਾਂ ਨੇ ਬੰਟੀ ਨੂੰ ਕੁੱਝ ਕੰਮ ਦੱਸੇ ਤਾਂ ਬੰਟੀ ਨੇ ਸਾਵਧਾਨੀਪੂਰਵਕ ਉਹ ਸਾਰੇ ਕੰਮ ਕਰ



ਦਿੱਤੇ। ਬੰਟੀ ਨੇ ਮਾਂ ਨੂੰ ਭਰੋਸਾ ਦਿਵਾਇਆ ਕਿ ਉਹ ਸੁਧਰ ਗਿਆ ਹੈ ਅਤੇ ਲਾਪਰਵਾਹੀ ਦਾ ਪੱਲਾ ਛੱਡ ਦਿੱਤਾ ਹੈ। ਉਸ ਨੇ ਸਾਵਧਾਨੀਪੂਰਵਕ ਦਾਦਾ ਜੀ ਨੂੰ ਚਾਹ-ਨਾਸ਼ਤਾ ਕਰਵਾ ਕੇ ਕੱਪ-ਪਲੇਟ ਚੁੱਕੇ। ਭੈਣ ਨੂੰ ਵੀ ਉਸ ਨੇ ਬਿਨਾ ਹਾਨੀ ਪਹੁੰਚਾਏ ਸਹਿਯੋਗ ਦਿੱਤਾ।

ਬੰਟੀ ਸਕੂਲ ਵਿੱਚ ਵੀ ਇੱਕ ਆਗਿਆਕਾਰੀ ਬੱਚੇ ਵਾਂਗ ਪੇਸ਼ ਆਇਆ। ਨਾ ਤਾਂ ਉਸ ਨੇ ਕਿਸੇ ਸਹਿਪਾਠੀ ਦੀ ਕਾਪੀ ਗਾਇਬ ਕੀਤੀ ਅਤੇ ਨਾ ਹੀ ਖੇਡਦੇ ਸਮੇਂ ਟੀਮ ਨੂੰ ਹਾਰਨ ਦਿੱਤਾ। ਅਧਿਆਪਕ ਅਤੇ ਹੋਰ ਵਿਦਿਆਰਥੀ ਇਹ ਵੇਖ ਕੇ ਹੈਰਾਨ ਸਨ। ਸ਼ਾਮ ਨੂੰ ਬੰਟੀ ਨੇ ਆਪਣਾ ਹੋਮਵਰਕ ਵੀ ਠੀਕ ਢੰਗ ਨਾਲ ਪੂਰਾ ਕੀਤਾ। ਖਾਣਾ ਖਾਧਾ ਅਤੇ ਸੌਂ ਵੀ ਗਿਆ।

ਅਗਲੀ ਸਵੇਰ ਬੰਟੀ ਖੁਸ਼ੀ-ਖੁਸ਼ੀ ਸੌਂ ਕੇ ਉਠਿਆ। ਉਸ ਨੇ ਸਾਰੇ ਕੰਮ ਸਾਵਧਾਨੀ ਨਾਲ ਕੀਤੇ।

ਲਗਭਗ ਇੱਕ ਹਫ਼ਤਾ ਗੁਜਰ ਗਿਆ ਸੀ। ਬੰਟੀ ਰੋਜ਼ ਸਵੇਰੇ ਚਿੱਟੇ ਬੱਦਲ ਦੀ ਰਾਹ ਵੇਖਦਾ। ਅੱਜ ਚਿੱਟਾ ਬੱਦਲ ਉਸ ਨੂੰ ਮਿਲਣ ਆਖਿਰ ਆ ਹੀ ਗਿਆ। ਮੁਸਕਰਾਉਂਦੇ ਹੋਏ ਬੰਟੀ ਨੂੰ ਬੋਲਿਆ, 'ਵਾਹ ਦੋਸਤ! ਤੂੰ ਜੋ ਕਿਹਾ ਸੀ, ਕਰਕੇ ਵਿਖਾ ਦਿੱਤਾ ਹੈ। ਹੁਣ ਤੂੰ ਇੱਕ ਜ਼ਿੰਮੇਵਾਰ ਅਤੇ ਨੇਕ ਬੱਚਾ ਬਣ ਗਿਆ ਹੈ। ਵੇਖੋ ਤਾਂ ਮੇਰੇ ਨਾਲ ਕੌਣ ਹੈ?

'ਅਰੇ ਇਹ ਤਾਂ ਕਾਲਾ ਬੱਦਲ ਹੈ, ਪਾਣੀ ਨਾਲ ਭਰਿਆ ਹੋਇਆ। ਕੀ ਅੱਜ ਵਰਖਾ ਕਰਨ ਵਾਲੇ ਹੋ? ਬੰਟੀ ਨੇ ਪੁੱਛਿਆ।

ਫਿਰ ਕੀ ਸੀ, ਝਮਾਝਮ ਵਰਖਾ ਸ਼ੁਰੂ ਹੋ ਗਈ। ਬੰਟੀ ਘਰ ਤੋਂ ਬਾਹਰ ਨਿਕਲਿਆ ਅਤੇ ਦੇਰ ਤਕ ਪਾਣੀ ਦਾ ਆਨੰਦ ਲੈਂਦਾ ਰਿਹਾ। ਬੱਦਲ ਵੀ ਮਨ ਹੀ ਮਨ ਖੁਸ਼ ਸੀ।

ਬੰਟੀ ਨੇ ਬੱਦਲ ਦਾ ਮਨ ਖੁਸ਼ ਕਰ ਦਿੱਤਾ ਸੀ ਅਤੇ ਬੱਦਲ ਨੇ ਬੰਟੀ ਦਾ।

ਬੱਦਲ ਨੇ ਮਿੱਤਰਤਾ ਨੂੰ ਖੂਬ ਨਿਭਾਇਆ ਅਤੇ ਬੰਟੀ ਨੂੰ ਕਦੇ ਰਾਹ ਤੋਂ ਭਟਕਣ ਨਹੀਂ ਦਿੱਤਾ। ਮੰਮੀ ਵੀ ਚਿੱਟੇ ਬੱਦਲ ਦੇ ਇਸ ਉਪਕਾਰ ਤੇ ਉਸ ਦਾ ਧੰਨਵਾਦ ਕਰਦੇ ਹੋਏ ਨਹੀਂ ਥੱਕ ਰਹੀ ਸੀ। ▪




# *ਵਿਸ਼ਵ ਦੀ ਸਭ ਤੋਂ ਵੱਧ ਜ਼ਹਿਰੀਲੀ ਮੱਛੀ*

## *ਸਿਨੇਸੀਆ ਹਾਰਿਡਾ*

– ਪਰਸ਼ੂਰਾਮ ਸ਼ੁਕਲ

ਆਮਤੌਰ ਤੇ ਸਾਰੀਆਂ ਮੱਛੀਆਂ ਜ਼ਹਿਰੀਲੀਆਂ ਨਹੀਂ ਹੁੰਦੀਆਂ ਪ੍ਰੰਤੂ ਹਿੰਦ ਅਤੇ ਪ੍ਰਸ਼ਾਂਤ ਮਹਾਂਸਾਗਰ ਗਰਮ ਖੰਡੀ ਪਾਣੀ ਵਿੱਚ ਮਿਲਣ ਵਾਲੀ ਪੱਥਰ ਮੱਛੀ (ਸਟੋਨਫਿਸ਼) ਜ਼ਹਿਰੀਲੀ ਹੁੰਦੀ ਹੈ। ਇਸ ਮੱਛੀ ਦਾ ਰੰਗ-ਰੂਪ ਇਸ ਤਰ੍ਹਾਂ ਦਾ ਹੁੰਦਾ ਹੈ ਕਿ ਜਦ ਇਹ ਸਾਗਰ ਕਿਨਾਰੇ ਜਾਂ ਰੇਤ ਵਿੱਚ ਅੱਧੀ ਧਸੀ ਪਈ ਹੁੰਦੀ ਹੈ ਤਾਂ ਇੰਝ ਲੱਗਦਾ ਹੈ ਜਿਵੇਂ ਕੋਈ ਪੱਥਰ ਪਿਆ ਹੋਵੇ। ਇਸ ਲਈ ਇਸ ਨੂੰ ਪੱਥਰ ਮੱਛੀ ਜਾਂ ਸਟੋਨਫਿਸ਼ ਕਹਿੰਦੇ ਹਨ।

ਪੱਥਰ ਮੱਛੀ ਦੀਆਂ ਤਿੰਨ ਬਹੁਤ ਹੀ ਜ਼ਹਿਰੀਲੀਆਂ ਉਪਜਾਤੀਆਂ ਮਿਲਦੀਆਂ ਹਨ। ਇਹਨਾਂ ਵਿੱਚੋਂ ਸਿਨੇਸਿਆ ਹਾਰਿਡਾ ਦਾ ਜ਼ਹਿਰ ਸਭ ਤੋਂ ਵੱਧ ਘਾਤਕ ਹੁੰਦਾ ਹੈ। ਇਹ ਵਿਸ਼ਵ ਦੀ ਸਭ ਤੋਂ ਵੱਧ ਜ਼ਹਿਰੀਲੀ ਮੱਛੀ ਹੈ। ਸਿਨੇਸੀਆ ਹਾਰਿਡਾ ਆਸਟ੍ਰੇਲੀਆ ਅਤੇ ਦੱਖਣੀ ਅਫਰੀਕਾ ਦੇ ਸਾਗਰ ਕਿਨਾਰਿਆਂ ਤੇ ਬਹੁਤ ਜ਼ਿਆਦਾ ਮਿਲਦੀ ਹੈ। ਇਸ ਨੂੰ ਮੁੱਖ ਰੂਪ ਨਾਲ ਲਾਲ ਸਾਗਰ, ਪੂਰਬੀ ਅਫਰੀਕਾ ਦੇ ਸਾਗਰ ਦੇ ਕਿਨਾਰਿਆਂ ਅਤੇ ਹਿੰਦ ਮਹਾਂਸਾਗਰ ਤੋਂ ਲੈ ਕੇ ਪੱਛਮੀ ਆਸਟ੍ਰੇਲੀਆ ਅਤੇ 'ਕਵੀਨਸ ਲੈਂਡ' ਦੇ ਉਤਰੀ ਸਾਗਰ ਦੇ ਕਿਨਾਰਿਆਂ ਤੇ ਬਹੁਤ ਜ਼ਿਆਦਾ ਵੇਖਿਆ ਜਾ ਸਕਦਾ ਹੈ। ਇਹ ਘੱਟ ਪਾਣੀ ਅਤੇ ਸਾਗਰ ਦੇ ਤਲ ਵਿੱਚ ਰਹਿਣ ਵਾਲੀ ਮੱਛੀ ਹੈ। ਸਿਨੇਸਿਆ ਹਾਰਿਡਾ ਅਜਿਹੇ ਸਥਾਨਾਂ ਤੇ ਰਹਿਣਾ ਜ਼ਿਆਦਾ ਪਸੰਦ ਕਰਦੀ ਹੈ ਜਿਹਨਾਂ ਦਾ ਤਲ ਮੂੰਗ ਦੀਆਂ ਚਟਾਨਾਂ ਵਾਲਾ ਹੋਵੇ। ਸਿਨੇਸਿਆ ਹਾਰਿਡਾ ਦੇ ਸਰੀਰ ਦਾ ਰੰਗ ਸਾਗਰ ਦੇ ਤਲ ਵਿੱਚ ਮਿਲਣ ਵਾਲੀ ਰੇਤ, ਰੰਗ-ਬਿਰੰਗੀਆਂ ਸਮੁੰਦਰੀ ਚਟਾਨਾਂ ਅਤੇ ਪੱਥਰਾਂ ਵਰਗਾ ਹੁੰਦਾ ਹੈ। ਕਦੇ-ਕਦੇ ਇਹ ਸਮੁੰਦਰੀ ਕਾਈ ਵਰਗੇ ਰੰਗ ਦੀ ਵੀ ਦਿਖਾਈ ਦਿੰਦੀ ਹੈ। ਇਸ ਦੇ ਸਰੀਰ ਵਿੱਚ ਆਸਪਾਸ ਦੇ ਵਾਤਾਵਰਣ ਦੇ ਅਨੁਸਾਰ ਆਪਣਾ ਰੰਗ ਬਦਲਣ ਦੀ ਅਨੋਖੀ ਸਮਰਥਾ ਹੁੰਦੀ ਹੈ। ਇਹ ਮੱਛੀ ਮੂੰਗੇ ਦੀ ਚੱਟਾਨ ਨਾਲ ਚਿਪਕੀ ਹੋਈ ਸਮੁੰਦਰੀ ਚਟਾਨਾਂ ਜਾਂ ਪੱਥਰਾਂ ਦੇ ਵਿੱਚਕਾਰ ਕਿਸੇ ਵੱਡੀ ਚਟਾਨ ਦੇ



ਨੇੜੇ ਜਾਂ ਸਾਗਰ ਦੇ ਤਲ ਵਿੱਚ ਅੱਧੀ ਰੇਤ ਵਿੱਚ ਦੱਬੀ ਹੋਈ ਸ਼ਾਂਤ ਪਈ ਹੋਵੇ ਤਾਂ ਇਸ ਦਾ ਰੰਗ ਲਾਗੇ-ਲਾਗੇ ਦੇ ਵਾਤਵਰਣ ਵਿੱਚ ਐਨਾ ਘੁਲ-ਮਿਲ ਜਾਂਦਾ ਹੈ ਕਿ ਇਹ ਦਿਖਾਈ ਵੀ ਨਹੀਂ ਦਿੰਦੀ ਅਤੇ ਦੂਰ ਤੋਂ ਇੰਝ ਲੱਗਦਾ ਹੈ ਕਿ ਜਿਵੇਂ ਕੋਈ ਰੰਗ-ਬਿਰੰਗਾ ਪੱਥਰ ਪਿਆ ਹੋਵੇ।

ਸਿਨੇਸਿਆ ਹਾਰਿਡਾ ਇੱਕ ਬਦਸੂਰਤ ਮੱਛੀ ਹੈ। ਇਹ ਦੂਰ ਤੋਂ ਵੇਖਣ ਤੇ ਭਿਆਨਕ ਅਤੇ ਡਰਾਉਣੀ ਲੱਗਦੀ ਹੈ। ਸਿਨੇਸੀਆ ਹਾਰਿਡਾ ਦੀ ਲੰਬਾਈ ਲਗਭਗ 30 ਤੋਂ 40 ਸੈਂਟੀਮੀਟਰ ਦੇ ਵਿੱਚਕਾਰ ਹੁੰਦੀ ਹੈ। ਇਸ ਦਾ ਸਿਰ ਚੌੜਾ ਅਤੇ ਚਪਟਾ ਹੁੰਦਾ ਹੈ ਅਤੇ ਸਿਰ ਦੇ ਪਿੱਛੇ ਤੋਂ ਸਰੀਰ ਦਾ ਹਿੱਸਾ ਹੌਲੀ-ਹੌਲੀ ਪਤਲਾ ਹੁੰਦਾ ਜਾਂਦਾ ਹੈ।ਇਸ ਦੇ ਸਰੀਰ ਦੇ ਅੰਤ ਵਿੱਚ ਫਿਨਸ ਹੁੰਦੇ ਹਨ ਜੋ ਇਸ ਨੂੰ ਤੈਰਨ ਵਿੱਚ ਮਦਦ ਕਰਦੇ ਹਨ। ਇਸ ਦਾ ਮੂੰਹ ਵੱਡਾ ਅਤੇ ਚੌੜਾ ਹੁੰਦਾ ਹੈ ਅਤੇ ਦੰਦ ਮਜ਼ਬੂਤ ਅਤੇ ਨੁਕੀਲੇ ਹੁੰਦੇ ਹਨ। ਅਕਸਰ ਜ਼ਿਆਦਾਤਰ ਮੱਛੀਆਂ ਦਾ ਸਰੀਰ ਸ਼ਲਕਾਂ ਨਾਲ ਢੱਕਿਆ ਹੁੰਦਾ ਹੈ ਪ੍ਰੰਤੂ ਸਿਨੇਸੀਆ ਹਾਰਿਡਾ ਦੇ ਸਰੀਰ ਤੇ ਸ਼ਲਕ ਨਹੀਂ ਹੁੰਦੇ। ਇਸ ਦੇ ਉਪਰ ਦੇ ਫਿਨਸ ਵੱਡੇ, ਚੌੜੇ ਅਤੇ ਕੰਡੇਦਾਰ ਹੁੰਦੇ ਹਨ। ਸਿਨੇਸੀਆ ਹਾਰਿਡਾ ਦੀ ਪਿੱਠ ਤੇ ਡੋਰਸਲਫਿਨਸ ਹੁੰਦੇ ਹਨ ਜਿਹਨਾਂ ਵਿੱਚ ਤੇਰਾਂ ਕੰਡੇ ਹੁੰਦੇ ਹਨ। ਸਰੀਰ ਤੇ ਮਿਲਣ ਵਾਲੇ ਹਰੇਕ ਕੰਡੇ ਦੇ ਉਪਰੀ ਸਿਰੇ ਤੇ ਦੋ-ਦੋ ਜ਼ਹਿਰਗ੍ਰੰਥੀਆਂ ਹੁੰਦੀਆਂ ਹਨ। ਕੰਡਿਆਂ ਤੇ ਦਬਾਅ ਪੈਂਦੇ ਹੀ ਜ਼ਹਿਰਗ੍ਰੰਥੀਆਂ ਦਾ ਮੂੰਹ ਖੁਲ੍ਹ ਜਾਂਦਾ ਹੈ ਅਤੇ ਜ਼ਹਿਰ ਬਾਹਰ ਆ ਜਾਂਦਾ ਹੈ। ਇਸ ਦੀ ਪਿੱਠ ਦੇ ਕੰਡਿਆਂ ਦਾ ਜ਼ਹਿਰ ਘਾਤਕ ਅਤੇ ਜ਼ਹਿਰੀਲਾ ਹੁੰਦਾ ਹੈ।

ਆਮਤੌਰ ਤੇ ਸਿਨੇਸੀਆ ਹਾਰਿਡਾ ਸਾਗਰ ਦੇ ਤਲ ਵਿੱਚ ਸ਼ਾਂਤ ਪਈ ਰਹਿੰਦੀ ਹੈ ਅਤੇ ਦੁਸ਼ਮਣਾਂ ਦੇ ਨੇੜੇ ਪਹੁੰਚਣ ਤੇ ਵੀ ਨਾ ਤਾਂ ਭੱਜਦੀ ਹੈ ਅਤੇ ਨਾ ਹੀ ਕੋਈ ਹਲਚਲ ਕਰਦੀ ਹੈ ਪ੍ਰੰਤੂ ਦੁਸ਼ਮਣ ਦੇ ਬਹੁਤ ਜ਼ਿਆਦਾ ਨੇੜੇ ਪਹੁੰਚਣ ਤੇ ਇਹ ਆਪਣੇ ਕੰਡੇ ਖੜੇ ਕਰ ਲੈਂਦੀ ਹੈ ਅਤੇ ਸਾਵਧਾਨ ਹੋ ਜਾਂਦੀ ਹੈ। ਸਿਨੇਸੀਆ ਹਾਰਿਡਾ ਇੱਕ ਮਾਸਾਹਾਰੀ ਮੱਛੀ ਹੈ ਪ੍ਰੰਤੂ ਇਹ ਸ਼ਿਕਾਰ ਲਈ ਆਪਣੇ ਜ਼ਹਿਰੀਲੇ ਕੰਡਿਆਂ ਦਾ ਇਸਤੇਮਾਲ ਨਹੀਂ ਕਰਦੀ ਅਤੇ ਨਾ ਹੀ ਸ਼ਿਕਾਰ ਕਰਨ ਲਈ ਆਪਣੀ ਥਾਂ ਤੋਂ ਦੂਰ ਜਾਂਦੀ ਹੈ। ਇਹ ਆਪਣੀ ਥਾਂ ਤੇ ਸ਼ਾਂਤ ਪਈ ਰਹਿ ਕੇ ਸ਼ਿਕਾਰ ਦੀ ਉਡੀਕ ਕਰਦੀ ਹੈ ਅਤੇ ਜਿਉਂ ਹੀ ਇਸ ਦਾ ਸ਼ਿਕਾਰ ਨੇੜੇ ਆਉਂਦਾ ਹੈ ਇਹ ਪਲਕ ਝਪਕਦੇ ਹੀ ਝਪਟ ਕੇ ਉਸ ਨੂੰ ਫੜ ਲੈਂਦੀ ਹੈ ਅਤੇ ਉਸ ਨੂੰ ਨਿਗਲ ਜਾਂਦੀ ਹੈ।

ਸਿਨੇਸੀਆ ਹਾਰਿਡਾ ਇੱਕ ਘਾਤਕ, ਜ਼ਹਿਰੀਲੀ ਮੱਛੀ ਹੈ। ਇਹ ਪਾਣੀ ਦੇ ਬਾਹਰ ਵੀ ਦਸ ਘੰਟੇ ਤਕ ਜੀਵਿਤ ਰਹਿ ਸਕਦੀ ਹੈ ਅਤੇ ਮਰ ਜਾਣ ਦੇ ਬਾਦ ਵੀ ਇਸ ਦੇ ਕੰਡਿਆਂ ਦਾ ਜ਼ਹਿਰ ਖ਼ਤਮ ਨਹੀਂ ਹੁੰਦਾ। ਇਹੀ ਕਾਰਣ ਹੈ ਕਿ ਹਿੰਦ ਮਹਾਂਸਾਗਰ ਦੇ ਮਛੇਰੇ ਮੱਛੀਆਂ ਫੜਦੇ ਸਮੇਂ ਇਸ ਤੋਂ ਬਹੁਤ ਸਾਵਧਾਨ ਰਹਿੰਦੇ ਹਨ।

## ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

| | |
|---|---|
| 1) ਉਤਰਾਂਚਲ | 8) ਕੋਡਾਈਕਨਾਲ |
| 2) ਹਲ | 9) ਬ੍ਰਾਜੀਲ |
| 3) ਨਕੁਲ | 10) ਇਜਰਾਈਲ |
| 4) ਜੂਲ | 11) ਵਿਕਟੋਰੀਆ ਮੈਮੋਰੀਅਲ |
| 5) ਪੱਛਮੀ ਬੰਗਾਲ | 12) ਬੇਛੇਂਦਰੀ ਪਾਲ |
| 6) ਤਾਜਮਹਿਲ | 13) ਪੱਛਮੀ ਬੰਗਾਲ |
| 7) ਅਬਦੁਲ ਫਜਲ | 14) ਬਾਈਬਲ |

# ਰੰਗ ਭਰੋ





ਨਾਂ ........................................................ ਉਮਰ ......

ਪੂਰਾ ਪਤਾ ..........................................................

........................................................................

# ਜੁਲਾਈ 2023 ਅੰਕ ਦੀ ਰੰਗ ਭਰੋ ਪ੍ਰਤਿਯੋਗਤਾ ਦਾ ਨਤੀਜਾ

**ਪਹਿਲਾ ਨੰ:**

ਸੁਹਾਨੀ ਗੁਪਤਾ (ਉਮਰ 10 ਸਾਲ)
ਵੀ.ਪੀ.ਓ. - ਹੁਸ਼ਿਆਰਪੁਰ
ਜ਼ਿਲਾ - ਹੁਸ਼ਿਆਰਪੁਰ (ਪੰਜਾਬ)

**ਦੂਸਰਾ ਨੰ:**

ਉਦੈਵੀਰ ਸਿੰਘ (ਉਮਰ 6 ਸਾਲ)
ਵੀ.ਪੀ.ਓ. - ਖੁਸ਼ਹਾਲ ਪੁਰ
ਜਿਲਾ - ਗੁਰਦਾਸਪੁਰ (ਪੰਜਾਬ)

**ਤੀਸਰਾ ਨੰ:**

ਪ੍ਰੇਰਣਾ (ਉਮਰ 9 ਸਾਲ)
ਵੀ.ਪੀ.ਓ. - ਬੇਦੀ ਨਗਰ
ਜਿਲਾ - ਅੰਮ੍ਰਿਤਸਰ (ਪੰਜਾਬ)

## ਪਸੰਦ ਕੀਤੇ ਗਏ -

ਵੰਦਿਤਾ ਬਜਾਜ (ਨਿਰੰਕਾਰੀ ਕਲੋਨੀ),
ਪ੍ਰਭਜੋਤ ਕੌਰ (ਭੈਰੋਮਾਜਰਾ),
ਅਰਸ਼ਦੀਪ ਸਿੰਘ (ਰੁਪੋਵਾਲ),
ਹਰਸ਼ਪ੍ਰੀਤ ਕੌਰ (ਕੁਰਾਲੀ),
ਗੁਰਵਿੰਦਰ (ਜ਼ੀਰਾ),
ਰਸ਼ਮੀਤ ਕੌਰ (ਖੁਸ਼ਹਾਲਪੁਰ),
ਸੁਖਪ੍ਰੀਤ ਸਿੰਘ (ਮਾਨਸਾ),
ਸ਼ੁਭਪ੍ਰੀਤ (ਅੰਮ੍ਰਿਤਸਰ),
ਵਿਦਿਤ ਬਜਾਜ (ਖੁਸ਼ਹਾਲਪੁਰ),
ਨਵਪ੍ਰੀਤ ਕੌਰ (ਕਪੂਰਥਲਾ)
ਨਿਹਾਰਿਕਾ (ਲੁਧਿਆਣਾ),
ਗੁਰਮੁਖ ਨੂਰ (ਗੁਮਟਾਲਾ),
ਸਹਿਜ ਬਾਂਸਲ (ਪਾਤੜਾਂ),
ਸਮੀਪਤਾ ਖੁਰਾਣਾ (ਜਲੰਧਰ),
ਭਾਵੇਸ਼ ਬਾਂਸਲ (ਰਾਏਕੋਟ),
ਜਸਪ੍ਰੀਤ ਕੌਰ (ਬੋਹਾ),
ਸਿਦਕ ਭਾਟੀਆ (ਦੋਰਾਹਾ),
ਪ੍ਰਵੀਨ ਕੌਰ (ਨਾਨਕ ਨਗਰੀ)




# ਸਤੰਬਰ ਅੰਕ ਦੀ ਰੰਗ ਭਰੋ ਪ੍ਰਤਿਯੋਗਤਾ

ਪਿਛਲੇ ਸਫ਼ੇ ਤੇ ਇਕ ਚਿੱਤਰ ਦਿੱਤਾ ਗਿਆ ਹੈ। ਇਸ ਚਿੱਤਰ 'ਚ ਸੋਹਣੇ-ਸੋਹਣੇ ਰੰਗ ਭਰ ਕੇ 25 ਸਤੰਬਰ 2023 ਤਕ ਸੰਪਾਦਕ, 'ਹੰਸਤੀ ਦੁਨੀਆ', ਨਿਰੰਕਾਰੀ ਕੰਪਲੈਕਸ, ਸੰਤ ਨਿਰੰਕਾਰੀ ਕਾਲੋਨੀ, ਦਿੱਲੀ-9 ਦੇ ਦਫ਼ਤਰ ਚ ਭੇਜ ਦਿਉ।

ਨਤੀਜੇ ਦੀ ਘੋਸ਼ਣਾ 'ਹੰਸਤੀ ਦੁਨੀਆ' ਦੇ ਨਵੰਬਰ 2023 ਅੰਕ 'ਚ ਕੀਤੀ ਜਾਵੇਗੀ। ਚਿੱਤਰ ਦੇ ਹੇਠਾਂ ਆਪਣਾ ਨਾਂ ਅਤੇ ਪੂਰਾ ਪਤਾ ਸਾਫ਼-ਸਾਫ਼ ਜ਼ਰੂਰ ਲਿਖੋ। 15 ਸਾਲ ਦੀ ਉਮਰ ਤਕ ਦੇ ਬੱਚੇ ਹਿੱਸਾ ਲੈ ਸਕਦੇ ਹਨ।



# ਨਦੀ ਦਾ ਸੰਦੇਸ਼

ਕਲ-ਕਲ ਕਰਦੀ ਵਹਿੰਦੀ ਆਈ,
ਬੋਲੋ ਉਹ ਕੀ ਕਹਿੰਦੀ ਆਈ।
ਪ੍ਰੇਮ ਦੀ ਗੰਗਾ ਤੁਸੀਂ ਵਹਾਉ,
ਸੁੱਖ ਦੀ ਦੁਨੀਆਂ ਤੁਸੀਂ ਵਸਾਉ।
ਕੰਮ ਮੇਰਾ ਬਸ ਵਹਿੰਦੇ ਜਾਣਾ,
ਅਜਿਹਾ ਹੀ ਮੰਤਵ ਤੁਸੀਂ ਬਣਾਉਣਾ।

ਵਾਸ਼ਪ, ਬੱਦਲ ਬਣ ਕੇ ਆਉਣਾ,
ਧਰਤੀ ਤੇ ਹਰਿਆਲੀ ਲਿਆਉਣਾ।
ਜੀਵਨ-ਦਾਇਨੀ ਜੀਵਨ ਦੇਂਦੀ ਹਾਂ,
ਖੇਤੀ ਤੇ ਜੰਗਲ ਲਹਿਰਾਉਂਦੀ ਹਾਂ।
ਜਗ ਕਰੇ ਤਰੱਕੀ ਹੈ ਇੱਛਾ ਮੇਰੀ,
ਕਰੋ ਨਾ ਬੱਚਿਉ, ਕੰਮ ਵਿੱਚ ਦੇਰੀ।

– ਹਰਜਿੰਦਰ ਪਾਇਲ



# ਆਲਸੀ ਰਾਜਾ

– ਬਲਜਿੰਦਰ ਮਾਨ

ਜੰਗਲ ਵਿੱਚ ਸਾਰੇ ਜਾਨਵਰ ਬੜੀ ਖੁਸ਼ੀ ਨਾਲ ਜੀਵਨ ਗੁਜ਼ਾਰ ਰਹੇ ਸਨ। ਜੰਗਲ ਦਾ ਰਾਜਾ ਅਜੇ ਨਵਾਂ ਹੀ ਬਣਿਆ ਸੀ। ਉਸ ਨੇ ਜੰਗਲ ਵਾਸੀਆਂ ਨਾਲ ਚੋਣਾ ਵਿੱਚ ਢੇਰ ਸਾਰੇ ਵਾਅਦੇ ਕੀਤੇ ਸਨ। ਉਹ ਹਰ ਚੋਣ ਜਲਸੇ ਵਿੱਚ ਆਖਦਾ, ''ਜੰਗਲ ਵਾਸੀਓ ਤੁਸੀਂ ਮੇਰੇ ਤੇ ਵਿਸ਼ਵਾਸ ਰੱਖੋ ਮੈਂ ਤੁਹਾਨੂੰ ਹਰ ਤਰ੍ਹਾਂ ਦੀ ਸੁੱਖ-ਸਹੂਲਤ ਪ੍ਰਦਾਨ ਕਰਾਂਗਾ। ਤੁਹਾਡੀ ਸੁਰੱਖਿਆ ਅਤੇ ਸੇਵਾ ਕਰਨਾ ਮੇਰਾ ਮੁੱਖ ਧਰਮ ਹੈ।

ਇਹਨਾਂ ਗੱਲਾਂ ਤੇ ਰਾਜੇ ਸ਼ੇਰ ਨੇ ਥੋੜਾ ਚਿਰ ਹੀ ਅਮਲ ਕੀਤਾ। ਬਾਅਦ ਵਿੱਚ ਉਸ ਨੂੰ ਤਾਕਤ ਦਾ ਐਨਾ ਨਸ਼ਾ ਚੜਿਆ ਕਿ ਉਹ ਆਪਣੀਆਂ ਸਾਰੀਆਂ ਜ਼ਿੰਮੇਵਾਰੀਆਂ ਭੁੱਲ ਕੇ ਮੌਜ ਮਸਤੀ ਮਨਾਉਣ ਲਗ ਪਿਆ। ਸਾਰਾ-ਸਾਰਾ ਦਿਨ ਟੀ.ਵੀ. ਤੇ ਕ੍ਰਿਕਟ ਮੈਚ ਵੇਖਦਾ ਰਹਿੰਦਾ। ਜੰਗਲ ਵਾਸੀ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਿੱਚ ਫਸਦੇ ਜਾ ਰਹੇ ਸਨ। ਖਰਗੋਸ਼ਾਂ ਨੇ ਰਾਜੇ ਅੱਗੇ ਫਰਿਆਦ ਕੀਤੀ ਕਿ ਮਹਾਰਾਜ ਕਿਸਾਨ ਦੀ ਫਸਲ ਖਾਣ ਨਾਲ ਅਸੀਂ ਤਕੜੇ ਹੋਣ ਦੀ ਬਜਾਏ ਬੀਮਾਰ ਹੋ ਰਹੇ ਹਾਂ। ਸਾਡੇ ਕਈ ਨਿੱਕੜੇ ਬੱਚੇ ਤਾਂ ਇਹਨਾਂ ਫਸਲਾਂ ਨੂੰ ਖਾਣ ਸਾਰ ਹੀ ਉਲਟੀਆਂ ਟੱਟੀਆਂ ਦੇ ਸ਼ਿਕਾਰ ਹੋ ਜਾਂਦੇ ਹਨ। ਮਹਾਰਾਜ ਸਾਡੀ ਰੱਖਿਆ ਕਰੋ। ਨਹੀਂ ਤਾਂ ਅਸੀਂ ਬੀਮਾਰ ਪੈ ਕੇ ਕਮਜ਼ੋਰ ਹੋ ਜਾਵਾਂਗੇ। ਕਮਜ਼ੋਰ ਕੌਮ ਕਦੇ ਜਿਉਂਦੀ ਨਹੀਂ ਰਹਿ ਸਕਦੀ। ਜੇਕਰ ਤੁਸੀਂ ਇਸ ਮਾਮਲੇ ਦਾ ਕੋਈ ਹੱਲ ਨਹੀਂ ਕੱਢਿਆ ਤਾਂ ਕੀ ਬਣੇਗਾ।

ਸ਼ੇਰ ਗਰਜਿਆ ਇਥੇ ਤੁਸੀਂ ਮੈਨੂੰ ਕਿਉਂ ਦੁਖੀ ਕਰ ਰਹੇ ਹੋ। ਕੀ ਹੋਇਆ ਜੇ ਚਾਰ ਖਰਗੋਸ਼ ਮਰ ਵੀ ਗਏ। ਕਿਤੇ ਕਾਲ ਨਹੀਂ ਪੈ ਜਾਵੇਗਾ। ਜਾਓ ਦੌੜ ਜਾਉ। ਮੈਨੂੰ ਕ੍ਰਿਕਟ ਦਾ ਆਨੰਦ ਲੈਣ ਦਿਉ। ਸ਼ੇਰ ਆਪਣੀ ਮਸਤੀ ਵਿੱਚ ਫਿਰ ਕ੍ਰਿਕਟ ਦੇ ਛੱਕੇ-ਚੌਕੇ ਦੇਖਣ ਲੱਗ ਪਿਆ। ਉਹ ਐਨਾ

ਆਲਸੀ ਹੋ ਗਿਆ ਕਿ ਉਸ ਨੇ ਆਪਣਾ ਦਰਬਾਰ ਲਾਉਣਾ ਵੀ ਛੱਡ ਦਿੱਤਾ।

ਇੱਕ ਦਿਨ ਸ਼ੇਰ ਦੀ ਪਤਨੀ ਸ਼ੇਰਨੀ ਕਹਿਣ ਲੱਗੀ, ਮਹਾਰਾਜ ਸਾਨੂੰ ਜੰਗਲ ਵਾਸੀਆਂ ਦੇ ਦੁਖ-ਸੁਖ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ ਕਿਉਂਕਿ ਅਸੀਂ ਉਹਨਾਂ ਨਾਲ ਹੀ ਇਸ ਜੰਗਲ ਦੇ ਰਾਜੇ ਹਾਂ। ਜੇ ਉਹ ਨਹੀਂ ਹੋਣਗੇ ਤਾਂ ਅਸੀਂ ਰਾਜ ਕਿਸ ਤਰ੍ਹਾਂ ਕਰਾਂਗੇ।

ਤੂੰ ਆਪਣੀ ਸਿਆਣਪ ਆਪਣੇ ਕੋਲ ਹੀ ਰੱਖ, ਮੈਨੂੰ ਐਸ਼ ਕਰਨ ਦੇ। ਤੂੰ ਇੱਕ ਜਾਮ ਦਾ ਗਿਲਾਸ ਫੜਾ। ਜਰਾ ਸਰੂਰ ਆ ਜਾਵੇਗਾ। ਸ਼ੇਰ ਆਪਣੀ ਗੁਫਾ ਵਿੱਚ ਬੈਠਾ ਕ੍ਰਿਕਟ ਵੇਖਦਾ ਰਹਿੰਦਾ ਅਤੇ ਜਾਮ ਛਲਕਾਉਂਦਾ ਰਹਿੰਦਾ। ਬਾਹਰ ਸ਼ਿਕਾਰੀਆਂ ਨੇ ਹੱਲਾ ਬੋਲ ਕਈ ਜਾਨਵਰਾਂ ਨੂੰ ਮਾਰ ਕੇ ਜੰਗਲ ਸਾਫ਼ ਕਰ ਦਿੱਤਾ। ਸ਼ਿਕਾਰੀਆਂ ਨੂੰ ਸਿਰਫ ਸ਼ੇਰ ਦਾ ਹੀ ਡਰ ਸੀ। ਉਹ ਉਸ ਦੇ ਆਲਸੀ ਹੋਣ ਕਰਕੇ ਉਹਨਾਂ ਦੇ ਦਿਲ ਵਿਚੋਂ ਚਲਾ ਗਿਆ।

ਕੋਈ ਕੰਮ ਨਾ ਕਰਦਾ ਹੋਣ ਕਰਕੇ ਅਤੇ ਟੀ.ਵੀ. ਦੇ ਮੂਹਰੇ ਵਿਹਲੇ ਬੈਠੇ ਹੋਣ ਕਰਕੇ ਸ਼ੇਰ ਦੀ ਸਿਹਤ ਕੰਮਜ਼ੋਰ ਹੋ ਗਈ। ਉਹ ਸਹਿਜੇ ਸਹਿਜੇ ਬੀਮਾਰ ਪੈ ਗਿਆ। ਜੰਗਲ ਵਿੱਚ ਤਾਂ ਹੁਣ ਉਸ ਦੀ ਸੇਵਾ ਲਈ ਵੀ ਕੋਈ ਨਹੀਂ ਰਿਹਾ। ਜਿਹੜੇ ਥੋੜੇ ਬਹੁਤ ਬਚੇ ਸਨ ਉਹ ਵੀ ਆਪਣੀ ਜਾਨ ਬਚਾਉਣ ਲਈ ਨਾਲ ਵਾਲੇ ਜੰਗਲ ਵਿੱਚ ਚਲੇ ਗਏ।

ਜੰਗਲ ਦੀ ਸਫ਼ਾਈ ਹੋਣ ਕਰਕੇ ਸ਼ੇਰ ਦੀ ਗੁਫ਼ਾ ਹੁਣ ਪੱਧਰੇ ਥਾਂ ਤੇ ਆ ਗਈ ਸੀ। ਹੁਣ ਸ਼ੇਰਨੀ ਉਸ ਨੂੰ ਭੱਜਣ ਦੀ ਸਲਾਹ ਦੇ ਰਹੀ ਸੀ। ਉਹ ਭੱਜ ਕੇ ਜਾਣ ਵੀ ਤਾਂ ਕਿਧਰ ਨੂੰ। ਅਜੇ ਉਹ ਭੱਜਣ ਦੀ ਤਿਆਰੀ ਕਰ ਹੀ ਰਹੇ ਸਨ ਕਿ ਜੀਵ ਸੁਰੱਖਿਆ ਵਿਭਾਗ ਦੇ ਕਰਮਚਾਰੀਆਂ ਨੇ ਸ਼ੇਰ ਅਤੇ ਸ਼ੇਰਨੀ ਨੂੰ ਪਿੰਜਰੇ ਵਿੱਚ ਕੈਦ ਕਰ ਲਿਆ। ਹੁਣ ਜੰਗਲ ਦਾ ਰਾਜਾ ਪਿੰਜਰੇ ਵਿੱਚ ਕੈਦੀ ਸੀ। ਹੁਣ ਉਹ ਪਛਤਾ ਰਿਹਾ ਸੀ ਕਿ ਜੇਕਰ ਉਹ ਆਪਣੇ ਸਾਥੀਆਂ ਦੀ ਗੱਲ ਮੰਨਦਾ ਅਤੇ ਉਹਨਾਂ ਦੇ ਦੁੱਖ ਵਿੱਚ ਸ਼ਾਮਿਲ ਹੁੰਦਾ ਤਾਂ ਅੱਜ ਉਸ ਦਾ ਇਹ ਹਸ਼ਰ ਨਾ ਹੁੰਦਾ। ਆਲਸ ਅਤੇ ਟੀ.ਵੀ. ਦੇ ਨਜ਼ਾਰਿਆਂ ਨੇ ਜੰਗਲ ਦੇ ਰਾਜੇ ਨੂੰ ਇੱਕ ਪਿੰਜਰੇ ਦਾ ਕੈਦੀ ਬਣਾ ਦਿੱਤਾ। ਅੱਜ ਉਹ ਪਿੰਜਰੇ ਵਿੱਚ ਪਿਆ ਆਪਣੀ ਪਤਨੀ ਤੋਂ ਮਾਫ਼ੀ ਮੰਗ ਰਿਹਾ ਸੀ। ਭਗਵਾਨੇ, ਜੇਕਰ ਮੈਂ ਤੇਰੀ ਗੱਲ ਮੰਨ ਲੈਂਦਾ ਤਾਂ ਅੱਜ ਸਾਨੂੰ ਇਹ ਦਿਨ ਨਾ ਵੇਖਣੇ ਪੈਂਦੇ।



# ਕਦੇ ਨਾ ਭੁੱਲੋ

- ❖ ਆਤਮ-ਵਿਸ਼ਵਾਸ ਵਰਗਾ ਦੂਸਰਾ ਕੋਈ ਮਿੱਤਰ ਨਹੀਂ, ਆਤਮ-ਵਿਸ਼ਵਾਸ ਹੀ ਭਵਿੱਖ ਵਿੱਚ ਤਰੱਕੀ ਦੀ ਪਹਿਲੀ ਪੌੜੀ ਹੈ।

– ਸਵਾਮੀ ਵਿਵੇਕਾਨੰਦ

- ❖ ਆਪਣੀਆਂ ਲੋੜਾਂ ਨੂੰ ਸੀਮਤ ਕਰ ਲੈਣਾ ਹਮੇਸ਼ਾਂ ਸੁਖਦਾਇਕ ਹੁੰਦਾ ਹੈ।

– ਸ਼ੇਕਸਪੀਅਰ

- ❖ ਜਿਸ ਤਰ੍ਹਾਂ ਜੋ ਖੇਤ ਉਤਮ ਉਪਜ ਦਿੰਦਾ ਹੈ, ਉਹ ਉਤਮ ਮੰਨਿਆ ਜਾਂਦਾ ਹੈ, ਠੀਕ ਇਸੇ ਤਰ੍ਹਾਂ ਉਤਮ ਇਸਤਰੀ-ਪੁਰਸ਼ ਨੂੰ ਜਨਮ ਦੇਣ ਵਾਲਾ ਦੇਸ਼ ਵੀ ਸ਼੍ਰੇਸ਼ਠ ਹੁੰਦਾ ਹੈ।
- ❖ ਉਹੀ ਤਰੱਕੀ ਕਰ ਸਕਦਾ ਹੈ ਜੋ ਖੁਦ ਨੂੰ ਉਪਦੇਸ਼ ਦਿੰਦਾ ਹੈ।

– ਸਵਾਮੀ ਰਾਮਤੀਰਥ

- ❖ ਬੁਰਾਈ ਦੇ ਬਾਰੇ ਸੋਚਣਾ, ਬੁਰਾਈ ਕਰਨ ਤੋਂ ਵੀ ਬੁਰਾ ਹੈ।

– ਮੁਨਸ਼ੀ ਪ੍ਰੇਮਚੰਦ

- ❖ ਸਹੀ ਮੌਕਾ ਨਾ ਮਿਲਣ ਤੇ ਯੋਗਤਾ ਕੋਈ ਮਾਇਨੇ ਨਹੀਂ ਰੱਖਦੀ ਹੈ।

– ਨੇਪੋਲੀਅਨ ਬੋਨਾਪਾਰਟ

- ❖ ਜੋ ਕੰਮ ਜਿੰਨੀ ਨੇਕ ਨੀਯਤ ਨਾਲ ਕੀਤਾ ਜਾਏਗਾ, ਓਨਾ ਹੀ ਬਿਹਤਰ ਹੋਵੇਗਾ।

– ਭਗਵਾਨ ਬੁੱਧ

- ❖ ਮੈਂ ਬਹਾਨਿਆਂ ਵਿੱਚ ਵਿਸ਼ਵਾਸ ਨਹੀਂ ਕਰਦਾ। ਮੈਂ ਜੀਵਨ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਕਠਿਨ ਮਿਹਨਤ ਨੂੰ ਮੁੱਖ ਕਾਰਕ ਮੰਨਦਾ ਹਾਂ।
- ❖ ਸਧਾਰਣ ਦਿਸਣ ਵਾਲੇ ਲੋਕ ਹੀ ਦੁਨੀਆ ਦੇ ਸਭ ਤੋਂ ਚੰਗੇ ਲੋਕ ਹੁੰਦੇ ਹਨ, ਇਹੀ ਵਜ੍ਹਾ ਹੈ ਕਿ ਭਗਵਾਨ ਅਜਿਹੇ ਬਹੁਤ ਸਾਰੇ ਲੋਕਾਂ ਦਾ ਨਿਰਮਾਣ ਕਰਦੇ ਹਨ।
- ❖ ਬੁਰਾਈ ਚਾਹੇ ਛੋਟੀ ਹੀ ਕਿਉਂ ਨਾ ਹੋਵੇ ਉਸ ਨੂੰ ਬਿਲਕੁਲ ਵੀ ਆਪਣੇ ਕੋਲ ਨਾ ਆਉਣ ਦਿਉ ਕਿਉਂਕਿ ਹੋਰ ਵੱਡੀਆਂ ਬੁਰਾਈਆਂ ਨਿਸ਼ਚਿਤ ਰੂਪ ਨਾਲ ਉਸ ਦੇ ਪਿੱਛੇ-ਪਿੱਛੇ ਆਉਣਗੀਆਂ।

– ਅਬ੍ਰਾਹਮ ਲਿੰਕਨ

- ❖ ਤੁਹਾਡਾ ਸੰਘਰਸ਼ ਜਿੰਨਾ ਜ਼ਿਆਦਾ ਹੋਵੇਗਾ, ਤੁਹਾਡੀ ਜਿੱਤ ਓਨੀ ਹੀ ਸ਼ਾਨਦਾਰ ਹੋਵੇਗੀ।
- ❖ ਅਸੀਂ ਜਿਸ ਚੀਜ਼ ਦੀ ਭਾਲ ਕਿਤੇ ਹੋਰ ਕਰ ਰਹੇ ਹੁੰਦੇ ਹਾਂ। ਹੋ ਸਕਦਾ ਹੈ ਕਿ ਉਹ ਸਾਡੇ ਆਸਪਾਸ ਹੀ ਹੋਵੇ।

– ਰਵਿੰਦਰਨਾਥ ਟੈਗੋਰ

ਸੰਗ੍ਰਹਿ ਕਰਤਾ: ਡਿੰਪਲਜੀਤ ਰੰਧਾਵਾ



# ਡਾ. ਸਰਵਪੱਲੀ ਰਾਧਾਕ੍ਰਿਸ਼ਣਨ

– ਨਿਰਮਲ

ਆਪ ਜੀ ਦਾ ਜਨਮ 5 ਸਤੰਬਰ 1888 ਨੂੰ ਤਿਰੁਤਨੀ , ਤਮਿਲਨਾਡੂ ਵਿਚ ਹੋਇਆ। ਉਹ 14 ਮਈ 1962 ਤੋਂ 13 ਮਈ 1967 ਤਕ ਸਵਤੰਤਰ ਭਾਰਤ ਦੇ ਦੂਸਰੇ ਰਾਸ਼ਟਰਪਤੀ ਰਹੇ। ਉਹਨਾਂ ਦਾ ਜਨਮਦਿਨ 5 ਸਤੰਬਰ ਨੂੰ ਭਾਰਤ ਵਿਚ ਅਧਿਆਪਕ ਦਿਵਸ ਦੇ ਰੂਪ ਵਿਚ ਵੀ ਮਨਾਇਆ ਜਾਂਦਾ ਹੈ।

ਡਾ. ਸਰਵਪੱਲੀ ਰਾਧਾਕ੍ਰਿਸ਼ਣਨ ਨੇ ਜਿਸ ਪਰਿਵਾਰ ਵਿਚ ਜਨਮ ਲਿਆ ਉਹ ਇਕ ਗਰੀਬ ਬ੍ਰਾਹਮਣ ਪਰਿਵਾਰ ਸੀ। ਉਹਨਾਂ ਦਾ ਜਨਮਸਥਾਨ ਵੀ ਇਕ ਪਵਿੱਤਰ ਤੀਰਥ ਸਥਾਨ ਦੇ ਰੂਪ ਵਿਚ ਪ੍ਰਸਿੱਧ ਰਿਹਾ ਹੈ। ਉਹਨਾਂ ਦੇ ਦਾਦਾ-ਪੜਦਾਦਾ ਪਹਿਲਾਂ ਕਦੇ ਸਰਵਪੱਲੀ ਨਾਮਕ ਪਿੰਡ ਵਿਚ ਰਹਿੰਦੇ ਸਨ ਅਤੇ 18ਵੀਂ ਸ਼ਤਾਬਦੀ ਦੇ ਅੱਧ ਵਿਚ ਤਿਰੁਤਨੀ ਪਿੰਡ ਵਿਚ ਆ ਕੇ ਵੱਸ ਗਏ ਸਨ। ਇਸ ਕਾਰਣ ਉਹਨਾਂ ਦੇ ਨਾਂ ਤੋਂ ਪਹਿਲਾਂ ਸਰਵਪੱਲੀ ਲਗਾਇਆ ਜਾਂਦਾ ਹੈ ਕਿਉਂਕਿ ਉਹਨਾਂ ਦੇ ਪਿਤਾ-ਪੁਰਖੇ ਇੰਜ ਹੀ ਚਾਹੁੰਦੇ ਸਨ।

ਉਹਨਾਂ ਦੇ ਪਿਤਾ ਦਾ ਨਾਮ ਸਰਵਪੱਲੀ ਵੀਰਾਸਵਾਮੀ ਅਤੇ ਮਾਤਾ ਦਾ ਨਾਮ ਸੀਤੰਮਾ ਸੀ। ਇਕ ਗਰੀਬ ਪਰਿਵਾਰ ਹੋਣ ਦੇ ਕਾਰਣ ਡਾ. ਸਰਵਪੱਲੀ ਰਾਧਾ ਕ੍ਰਿਸ਼ਣਨ ਨੂੰ ਬਚਪਨ ਵਿਚ ਅਮੀਰਾਂ ਵਾਲੀਆਂ ਸਹੂਲਤਾਂ ਨਹੀਂ ਮਿਲੀਆਂ।

ਡਾ. ਸਰਵਪੱਲੀ ਰਾਧਾਕ੍ਰਿਸ਼ਣਨ ਦਾ ਬਚਪਨ ਤਿਰੁਤਨੀ ਪਿੰਡ ਵਿਚ ਹੀ ਬੀਤਿਆ। ਉਹਨਾਂ ਨੇ ਪ੍ਰਾਇਮਰੀ ਸਿਖਿਆ ਕੇ.ਵੀ.ਹਾਈ ਸਕੂਲ ਤਿਰੁਪਤੀ ਵਿਚ ਪ੍ਰਾਪਤ ਕੀਤੀ। ਇਸ ਤੋਂ ਬਾਅਦ 1896-1900 ਤਕ ਉਹਨਾਂ ਨੇ ਲੂਥਰਨ ਮਿਸ਼ਨ ਸਕੂਲ ਤਿਰੁਪਤੀ ਵਿਚ ਸਿਖਿਆ ਪ੍ਰਾਪਤ ਕੀਤੀ। ਫਿਰ 1900 ਤੋਂ 1904 ਤਕ ਬੰਗਲੌਰ ਅਤੇ ਇਸ ਤੋਂ ਬਾਅਦ ਉਹਨਾਂ ਨੇ ਮਦਰਾਸ ਕ੍ਰਿਸਚੀਅਨ ਕਾਲਿਜ ਮਦਰਾਸ ਤੋਂ ਐਮ.ਏ.ਫਿਲਾਸਫੀ ਕੀਤੀ। 1918 ਵਿਚ ਉਹ ਯੂਨੀਵਰਸਿਟੀ ਵਿਚ ਫਿਲਾਸਫੀ ਦੇ ਪ੍ਰੋਫੈਸਰ ਨਿਯੁਕਤ ਹੋ ਗਏ।

14 ਮਈ 1962 ਵਿਚ ਜਦ ਉਹ ਭਾਰਤ ਦੇ ਰਾਸ਼ਟਰਪਤੀ ਬਣੇ ਤਾਂ ਉਹਨਾਂ ਦੇ ਕੁਝ ਵਿਦਿਆਰਥੀਆਂ ਅਤੇ ਦੋਸਤਾਂ ਨੇ ਬੇਨਤੀ ਕੀਤੀ ਕਿ 5 ਸਤੰਬਰ ਨੂੰ ਉਹਨਾਂ ਦਾ ਜਨਮਦਿਨ ਬੜੀ ਧੂਮਧਾਮ ਨਾਲ ਮਨਾਇਆ ਜਾਵੇਗਾ ਤਾਂ ਆਪ ਜੀ ਨੇ ਉਹਨਾਂ ਨੂੰ ਕਿਹਾ - ਮੈਨੂੰ ਬੜੀ ਖੁਸ਼ੀ ਹੋਵੇਗੀ ਜੇਕਰ 5 ਸਤੰਬਰ ਵਾਲਾ ਦਿਨ ਅਧਿਆਪਕ ਦਿਵਸ ਦੇ ਰੂਪ ਵਿਚ ਮਨਾਇਆ ਜਾਵੇ। ਉਸ ਤੋਂ ਬਾਅਦ 5 ਸਤੰਬਰ ਅਧਿਆਪਕ ਦਿਵਸ ਦੇ ਰੂਪ ਵਿਚ ਹੀ ਮਨਇਆ ਜਾਣ ਲੱਗਾ।

ਆਪ ਉਚ-ਕੋਟੀ ਦੇ ਵਿਦਵਾਨ ਫਿਲਾਸਫਰ ਅਤੇ ਰਾਜਨੀਤਿਕ ਸਨ। ਆਪ ਜੀ ਨੂੰ 1954 ਵਿਚ ਭਾਰਤ ਰਤਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਆਪ ਜੀ ਨੂੰ ਹੋਰ ਵੀ ਕਈ ਐਵਾਰਡ ਪ੍ਰਾਪਤ ਹੋਏ। ਸਕੂਲ, ਕਾਲਜ ਅਤੇ ਯੂਨੀਵਰਸਿਟੀ ਦੀ ਪੜ੍ਹਾਈ ਸਮੇਂ ਆਪ ਜੀ ਨੂੰ ਸਕਾਲਰਸ਼ਿਪ ਮਿਲਦੀ ਰਹੀ।

ਲਗਭਗ 86 ਸਾਲ ਦੀ ਉਮਰ ਵਿਚ 17 ਅਪ੍ਰੈਲ 1975 ਨੂੰ ਮਦਰਾਸ ਵਿਖੇ ਆਪ ਜੀ ਦਾ ਦੇਹਾਂਤ ਹੋ ਗਿਆ।

ਚਿੱਤਰਕਥਾ

# ਮੋਹਿਤ ਦੀ ਬੁੱਧੀਮਾਨੀ

ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ







ਸਾਹਿਬ ਮੇਰੀ ਤਨਖਾਹ ਦੇ ਦਿਉ ਘਰ ਦਾ ਰਾਸ਼ਨ ਲਿਆਉਣਾ ਹੈ।
ਕਿਹੜੀ ਤਨਖਾਹ ? ਤੂੰ ਇਥੇ ਜੋ ਖਾਂਦਾ ਰਹਿੰਦਾ ਹੈ, ਕੀ ਮੈਂ ਕਦੇ ਉਸ ਦੇ ਪੈਸੇ ਮੰਗੇ? ਤੈਨੂੰ ਕੋਈ ਤਨਖਾਹ ਨਹੀਂ ਮਿਲੇਗੀ।


ਜੇਕਰ ਸਾਰੇ ਆਪਣੀ-ਆਪਣੀ ਤਨਖਾਹ ਮੰਗਣ ਲੱਗੇ ਤਾਂ ਮੇਰਾ ਨੁਕਸਾਨ ਹੋ ਜਾਏਗਾ।


ਸ਼ਾਹੂਕਾਰ ਨੇ ਪਿੰਡ ਵਿੱਚ ਘੋਸ਼ਣਾ ਕਰਵਾ ਦਿੱਤੀ ਕਿ ਜੋ ਕੋਈ ਵੀ ਉਸ ਦੇ ਇੱਕ ਸਵਾਲ ਦਾ ਸਹੀ ਜਵਾਬ ਦਏਗਾ ਉਸ ਨੂੰ ਸਾਲ ਭਰ ਦਾ ਮੁਫ਼ਤ ਰਾਸ਼ਨ ਮਿਲੇਗਾ ਅਤੇ ਜੇਕਰ ਜਵਾਬ ਗਲਤ ਹੋਇਆ ਤਾਂ ਇੱਕ ਸਾਲ ਤਕ ਬਿਨਾ ਤਨਖਾਹ ਦੇ ਮੇਰੇ ਕੋਲ ਕੰਮ ਕਰਨਾ ਪਏਗਾ।


ਅਗਲੇ ਦਿਨ ਸ਼ਾਹੂਕਾਰ ਦੇ ਘਰ ਬਹੁਤ ਸਾਰੇ ਪ੍ਰਤੀਯੋਗੀ ਆਏ ਅਤੇ ਸ਼ਾਹੂਕਾਰ ਨੇ ਉਹਨਾਂ ਨੂੰ ਕਿਹਾ ਜੇਕਰ ਗਲਤ ਜਵਾਬ ਦਿੱਤਾ ਤਾਂ ਤੁਸੀਂ ਇੱਕ ਸਾਲ ਤਕ ਮੇਰੇ ਨੌਕਰ ਬਣ ਕੇ ਰਹੋਗੇ।
ਇਹਨਾਂ ਦੋਵਾਂ ਵਿੱਚੋਂ ਕਿਹੜਾ ਫੁੱਲ ਅਸਲੀ ਹੈ?
ਸੱਜੇ ਹੱਥ ਵਾਲਾ ਫੁੱਲ ਅਸਲੀ ਹੈ।
ਗਲਤ ਜਵਾਬ।
ਇੰਝ ਕਈ ਦਿਨਾਂ ਤਕ ਚਲਦਾ ਰਿਹਾ ਅਤੇ ਇੱਕ-ਇੱਕ ਕਰਕੇ ਪਿੰਡ ਦੇ ਕਈ ਲੋਕ ਸ਼ਾਹੂਕਾਰ ਦੇ ਨੌਕਰ ਬਣ ਗਏ।
ਇੱਕ ਦਿਨ ਇੱਕ ਬੱਚਾ ਮੋਹਿਤ ਸ਼ਾਹੂਕਾਰ ਦੇ ਘਰ ਪ੍ਰਤੀਯੋਗਤਾ ਲਈ ਆਇਆ।
ਸ਼ਾਹੂਕਾਰ ਜੀ, ਜੇਕਰ ਮੈਂ ਪ੍ਰਤੀਯੋਗਤਾ ਹਾਰਿਆ ਤਾਂ ਮੈਂ ਆਪ ਦਾ ਨੌਕਰ ਬਣ ਕੇ ਰਹਾਂਗਾ ਅਤੇ ਜੇਕਰ ਜਿੱਤਿਆ ਤਾਂ ਤੁਹਾਨੂੰ ਸਾਰੇ ਨੌਕਰਾਂ ਨੂੰ ਆਜ਼ਾਦ ਕਰਨਾ ਪਏਗਾ।
ਮੈਨੂੰ ਮਨਜ਼ੂਰ ਹੈ।



ਦੱਸੋ ਇਹਨਾਂ ਵਿੱਚੋਂ ਅਸਲੀ ਫੁੱਲ ਕਿਹੜਾ ਹੈ?
ਮੈਂ ਆਪਣਾ ਜਵਾਬ ਪੰਜ ਘੰਟੇ ਬਾਦ ਦੇਵਾਂਗਾ।
ਪੰਜ ਘੰਟੇ ਬਾਦ
ਖੱਬੇ ਹੱਥ ਦਾ ਫੁੱਲ ਅਸਲੀ ਹੈ ਕਿਉਂਕਿ ਉਹ ਮੁਰਝਾਇਆ ਹੋਇਆ ਹੈ।
ਮੈਂ ਆਪਣੀ ਹਾਰ ਸਵੀਕਾਰ ਕਰਦਾ ਹਾਂ ਅਤੇ ਸਾਰੇ ਨੌਕਰਾਂ ਨੂੰ ਆਜ਼ਾਦ ਕਰਦਾ ਹਾਂ।
ਸਾਰੇ ਨੌਕਰ ਮੋਹਿਤ ਨੂੰ ਧੰਨਵਾਦ ਦਿੰਦੇ ਹਨ। ਮੋਹਿਤ ਦੇ ਪਿਤਾ ਆਪਣੇ ਬੇਟੇ ਦੀ ਬੁੱਧੀਮਾਨੀ ਤੋਂ ਬਹੁਤ ਖੁਸ਼ ਹੋਏ।
ਸਿੱਖਿਆ : ਬੁੱਧੀ ਉਮਰ ਤੋਂ ਵੱਡੀ ਹੁੰਦੀ ਹੈ।

# ਬੁੱਧੀ ਦੀ ਪਰਖ

## ਦੋਹਾਂ ਚਿਤੱਰਾਂ ਵਿਚੋਂ 7 ਅੰਤਰ ਲੱਭੋ!






Nirankari Radio
radio.nirankari.org
24x7
Kids Divine
ek ruhani muskaan
kids.nirankari.org
Catch the latest episode
on 23rd of every month
IT'S LIVE,
DOWNLOAD NOW
SNM
MOBILE APP
App Store
Google Play
NEWS
DIVINE
www.nirankari.org
Catch the latest episode
on 10th of every month
सुनो तराने
नए पुराने
Nirankari Radio
Bhakti Sangeet
radio.nirankari.org
Catch the latest episode
on 20th of every month
महफ़िल ए रूहानियत
Mehfil-E-Ruhaniyat
Special programme
SOUL VIBES
radio.nirankari.org
Catch the latest episode
on Last Friday of every month
Voice DIVINE
radio.nirankari.org
Catch the latest episode
on 1st & 16th of every month


Posted at LPC Delhi RMS, Delhi-110006. Prescribed dates 23rd & 24th. Date of Publication: 17th & 18th (Advance Month)

| | | |
|---|---|---|
| Registered with the | : | Delhi Postal Regd. No. DL (N)/137/2021-2023 |
| Registrar of Newspaper | : | Licence No. U (DN)-60/2021-23 |
| For India Under RNI No. 32345/1977 | : | Licenced to post without Pre-payment |









NIRANKARI JEWELS

78-84, Edward Line, Kingsway Camp, Delhi, 110009
Near G.T.B. Nagar Metro Station Gate No. 4

011-42870440, 42870441, 47058133
nirankari_jewels@hotmail.com
www.nirankarijewels.com
@nirankarijewelsdelhi
Nirankari Jewels Pvt. Ltd.

Monday Closed

Customer Care : **9818883394**